Postal No.-- CHD/0111/2012-14

Regd No. 32212/78

# ਲੁਬਾਣਾ ਸੇਵਕ

ਜਨਵਰੀ 2015 ਮਾਸਿਕ ਮੁੱਲ : 15/-



## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਖ਼ੂਬਸੂਰਤ ਦ੍ਰਿਸ਼

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ... ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ



In the present Scenario, the commercialised culture and spiritual poverty has caused dehumanisation of man / woman who are leading mechanical, individualistic and self alienated life. The rise of social evils in multifarious ways, gang rape cases, honour killing, dowry death, female forticides, group rivalaries, communal riots , distortion of human values etc. are the sign of sick mentality and disintegrated personality. In such situations, is it possible to impose peace and harmony from outside by giving punishment or by enforcement of laws to the culprits? Though social evils may be curbed by these but the inherent cause for such type of evils needs to be understood, which are deep rooted psychic impressions and needs to be cosidred for harmonious development of individual and society. Consiousness of virtue and its realization are integral to building character.The virtuous inner solves all the problems. The philosophy of accepting as equal more than one ways and equal values to all religion, castes and creeds with respect as the all men & woman are created by God, so there is no reason to consider one higher than the other. Man and Woman have specific nature provided by the almighty. The woman can provide emotional and social stability more effectively in a society and man ethichs are on universality and contractual generally based on the principle and legalistic ethics which are rigid whereas the woman treat situations and human character as fluid paying attention to feelings and struggling to find solution. Woman provides the paradign shift in society based on caring, humality, sweet speech and servility. "ਨਿਵਣ ਸੁ ਅਖਰੁ ਖਵਣ ਗੁਣ ਜਿਹਬਾ ਮਣੀਆ ਮੰਤ॥ ਏ ਤ੍ਰੈ ਭੈਣ ਵੇਸ ਕਰ ਤਾ ਵਸਿ ਆਵੀ ਕੰਤ "॥

In fact solace lies in love as love knowns no rules. To attian salvation or liberation love humanity "ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ॥ The care ethics is for the good of the world and moral agent has to be care giver through his/her acts. Care ethics is not bound by the principle of justice. The language of care and love to all especially to needy and vulnerable is key to salvation **"Sarbat Da Bhalla"**. It should be selfless service to others without any expectation of reciprocity. The Gurbani also stresses on care, reponibility, service, humality through activities for the needs of others as best as one can. The life of average man/ woman of the world flows out in deadly stream of monotary. Now days he/she is driven to accumulate wealth by all fair and foul means and is involved in blind love of his sons, wife, friends & relatives. He consideres that the possesion of wealth and power will solve his problems. Mortal man is greedy, rigid, deceitful, ingornant and unwise as his mind is restless, wanders and wobbles heither and thither and knows no reality. He is intoxicated by beauty and vigour of youth and is in illusion. He is great egoist and wanders about the mad man. He abandons all acts of righteousness self control & piety. The great emphasis is laid on truthful homely life and creating balance between ascerticism and over indulgence by eradication of evil propensities of mind such as lust, anger, greed, attachement, ego, vanity, pride. The ideal life is living in harmony with universe knowing the secret and care of others that a person with devotion, dedication care of others makes his life cheerful and pleasant. In this way by Simran, meditation and selfless services to others we can be exonerated and accepted by Almighty like forty exonerated (Muktas) by Guru Gobind Singh on submission.

ਗੁਰਚਰਨ ਸਿੰਘ
ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ
ਮੋ. 98140-17067

# ਲੁਬਾਣਾ ਸੇਵਕ

**Chief Editor**
S. Gurcharan Singh
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh S.E. (Retd.) Jalandhar

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
Prof. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

Printed & Published by
Gurcharan Singh for Baba Makhan
Shah Lobana Foundation (Regd.)
Sector 30-A, Chandigarh.

Computer Designing
Walia Paper & Stationer's

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 ਅੰਕ - 35 ਜਨਵਰੀ - 2015



1. ਹੋਤੀ ਮਰਦਾਨ ਦੇ ਚੌਥੇ ਗੱਦੀ ਨਸ਼ੀਨ ਸੰਤ ਬਾਬਾ ਮਾਝਾ ਸਿੰਘ ਜੀ 4
2. ਮੁਕਤਸਰ ਦੀ ਜੰਗ ਵਿਚ ਜੂਝਣ ਵਾਲੇ ਮਾਈ ਭਾਗੋ ਤੇ ਭਾਈ ਮਹਾਂ ਸਿੰਘ 7
3. ਸ਼ਹੀਦ ਬਾਬਾ ਦੀਪ ਸਿੰਘ ਜੀ 11
4. ਗੁਰ ਸਾਗਰ ਦੇ ਸੁੱਚੇ ਮੋਤੀ 13
5. ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ 17
6. ਲੋਹੜੀ : ਰਿਸ਼ਤਿਆਂ ਦੀ ਮਿਠਾਸ ਦਾ ਤਿਉਹਾਰ 20
7. ਆਈ ਬਸੰਤ ਪਾਲਾ ਉਡੰਤ 21
8. ਸੁੰਗੜਦਾ ਜਾ ਰਿਹਾ ਮਨੁੱਖ 23
9. ਆਦਰਸ਼ ਸਿਰਜਣ ਲਈ ਆਪਣੀ ਧਰਤੀ ਦੇ ਇਤਿਹਾਸ ਵੱਲ ਝਾਤ ਮਾਰੋ 25
10. ਆਪਣਾ ਪਿੰਡ 27
11. ਸ਼ੋਕ ਸਮਾਚਾਰ 28
12. ਮਿੰਨੀ ਕਹਾਣੀਆਂ 30
13. ਕਾਵਿ-ਕਿਆਰੀ 31
14. ਸਿਹਤ ਸੰਭਾਲ 33
15. Know Thy True Path 35
16. Improvement In Education Will Bring Improvement... 36
17. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ 38


**ਸ਼ਹੀਦ ਬਾਬਾ ਦੀਪ ਸਿੰਘ ਜੀ**




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

ਬਰਸੀ 'ਤੇ ਵਿਸ਼ੇਸ਼

## ਹੋਤੀ ਮਰਦਾਨ ਦੇ ਚੌਥੇ ਗੱਦੀ ਨਸ਼ੀਨ

# ਸੰਤ ਬਾਬਾ ਮਾਝਾ ਸਿੰਘ ਜੀ






ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240


ਹੋਤੀ ਮਰਦਾਨ ਸੰਪਰਦਾਇ ਦੀ ਇਹ ਨਿਵੇਕਲੀ ਪ੍ਰੰਪਰਾ ਰਹੀ ਹੈ ਕਿ ਇਸ ਦੇ ਗੱਦੀ ਨਸ਼ੀਨ ਕਿਸੇ ਨਾ ਕਿਸੇ ਸੁਭਾਵਿਕ ਅਤੇ ਸਹਿਜ ਅਵਸਥਾ ਕਰਕੇ ਹੀ ਡੇਰੇ ਆਏ ਅਤੇ ਸੇਵਾ ਸਿਮਰਨ ਦੇ ਆਧਾਰ 'ਤੇ ਹੀ ਡੇਰੇ ਦੇ ਮੁਖੀ ਬਣੇ। ਇਸ ਨਾਲ ਸੰਬੰਧਤ ਕਿਸੇ ਵੀ ਮਹਾਂਪੁਰਸ਼ ਦੀ ਇਹ ਲਾਲਸਾ ਨਹੀਂ ਸੀ ਕਿ ਉਹ ਗੱਦੀ ਦੇ ਦਾਅਵੇਦਾਰ ਹਨ ਅਤੇ ਆਪਣੀ ਨਿੱਜੀ ਜੈ-ਜੈ ਕਾਰ ਤੋਂ ਹਮੇਸ਼ਾ ਹੀ ਕਿਨਾਰਾ ਕੀਤਾ। ਨਾਮ, ਸਿਮਰਨ ਅਤੇ ਸੇਵਾ ਦੀ ਕਸੌਟੀ 'ਤੇ ਆਧਾਰਿਤ ਹੋਤੀ ਮਰਦਾਨ ਨਾਲ ਸੰਬੰਧਤ ਹਰ ਮਹਾਂਪੁਰਸ਼ ਸਿੱਖ ਸੰਗਤਾਂ ਵਿਚ ਅਤਿ ਸਤਿਕਾਰ ਦੇ ਪਾਤਰ ਬਣੇ। ਇਸ ਦੇ ਪਹਿਲੇ ਤਿੰਨ ਗੱਦੀ ਨਸ਼ੀਨ ਤਾਂ 1947 ਈ. ਤੋਂ ਪਹਿਲਾਂ ਦੇ ਸਨ ਅਤੇ ਗੱਦੀ ਨਸ਼ੀਨ ਸੰਤ ਬਾਬਾ ਮਾਝਾ ਸਿੰਘ ਜੀ ਦੇ ਦਰਸਨ ਅਜੋਕੀ ਪੀੜ੍ਹੀ ਨੇ ਵੀ ਕੀਤੇ ਹਨ। ਮੈਨੂੰ ਵੀ ਦਿਬ-ਦ੍ਰਿਸ਼ਟੀ ਵਾਲੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ ਅਤੇ ਮੇਰੇ ਲਈ ਇਹ ਸੁਭਾਗੀ ਘੜੀ ਹੈ ਕਿ ਇਨ੍ਹਾਂ ਦਾ ਸੰਘਰਸ਼ਮਈ ਸੰਖੇਪ ਜੀਵਨ ਪਾਠਕਾਂ ਦੇ ਰੂ-ਬ-ਰੂ ਕਰ ਰਿਹਾ ਹਾਂ।

ਬੇਗੋਵਾਲ-ਕਪੂਰਥਲਾ ਰੋਡ 'ਤੇ ਬੇਗੋਵਾਲ ਤੋਂ ਤਕਰੀਬਨ ਅੱਠ ਕਿਲੋਮੀਟਰ ਹਟਵਾਂ ਪਿੰਡ ਮਕਸੂਦਪੁਰ ਹੈ। ਇਸ ਪਿੰਡ ਵਿਚ ਮਕਸੂਦਪੁਰ ਦੀ ਇਤਿਹਾਸਕਤਾ ਬਣੀ ਜਦ ਸੰਤ ਬਾਬਾ ਮਾਝਾ ਸਿੰਘ ਜੀ ਨੇ 1866 ਈ. ਵਿਚ ਪਿਤਾ ਅਰਜਨ ਸਿੰਘ ਦੇ ਗ੍ਰਿਹ ਅਤੇ ਮਾਤਾ ਮਾਲਾ ਜੀ ਕੁੱਖੋਂ ਜਨਮ ਲਿਆ। ਕੁਦਰਤ ਦੀ ਅਜਿਹੀ ਕ੍ਰੋਪੀ ਹੋਈ ਕਿ ਛੋਟੀ ਅਵਸਥਾ ਵਿਚ ਹੀ ਇਨ੍ਹਾਂ ਦੇ ਪਿਤਾ ਚੱਲ ਵਸੇ ਅਤੇ ਛੇ ਮਹੀਨੇ ਬਾਅਦ ਹੀ ਮਾਤਾ ਵੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਮਕਸੂਦਪੁਰੀ ਪਿੰਡ ਵਿਖੇ ਇਕ ਮੁਸਲਮਾਨ ਪਠਾਣੀ ਔਰਤ ਦਾ ਪਤੀ ਪਿਸ਼ੌਰ ਵਿਖੇ ਨੌਕਰੀ ਕਰਦਾ ਸੀ ਅਤੇ ਇਸ ਪਾਕਿ ਰੂਹ ਵਾਲੀ ਪਠਾਣੀ ਦਾ ਬਲਾਕ ਮਾਝਾ ਸਿੰਘ ਦੀ ਅਵਸਥਾ ਦੇਖ ਕੇ ਦਿਲ ਪਸੀਜ ਗਿਆ। ਹਾਲਾਤ ਅਜਿਹੇ ਹਲੇ ਕਿ ਇਸ ਪਠਾਣੀ ਔਰਤ ਨੇ ਸੰਤ ਮਾਝਾ ਸਿੰਘ ਨੂੰ ਪਿਸ਼ੌਰ ਵਿਖੇ ਇਨ੍ਹਾਂ ਦੇ ਚਾਚਾ ਫੂਲਾ ਸਿੰਘ ਦੇ ਹਵਾਲੇ ਕਰ ਦਿੱਤਾ। ਲੇਕਿਨ ਇਥੇ ਵੀ ਮਾਹੌਲ ਸਾਜ਼ਗਾਰ ਨਾ ਰਿਹਾ, ਕਿਉਂਕਿ ਚਾਚੀ ਝਾਂਜੋ ਨੇ ਬਾਲਕ (ਸੰਤ) ਮਾਝਾ ਸਿੰਘ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਅੰਤ ਦੀ ਦਰਦਨਾਕ ਸਥਿਤੀ ਵਿਚ ਚਾਚਾ ਫੂਲਾ ਸਿੰਘ ਨੇ ਸੰਤ ਬਾਬਾ ਮਾਝਾ ਸਿੰਘ ਨੂੰ ਨੰਨ੍ਹੀ-ਮੁੰਨੀ ਅਵਸਤਾ ਵਿਚ ਹੋਤੀ ਮਰਦਾਨ ਵਿਚ ਮਹਾਂਪੁਰਸ਼ ਸੰਤ ਬਾਬਾ ਕਰਮ ਸਿੰਘ ਨੂੰ ਸਾਰੀ ਸਥਿਤੀ ਬਿਆਨ ਕਰਕੇ ਇਸ ਡੇਰੇ ਦੇ ਹਵਾਲੇ ਕਰ ਦਿੱਤਾ। ਸੰਤ ਬਾਬਾ ਕਰਮ ਸਿੰਘ ਜੀ ਨੇ ਬਾਲਕ ਮਾਝਾ ਸਿੰਘ ਨੂੰ ਛੋਟੇ ਸੰਤ ਬਾਬਾ ਲਾਲ ਸਿੰਘ ਜੀ ਦੇ ਸਪੁਰਦ ਕੀਤਾ ਅਤੇ ਹੁਕਮ ਕੀਤਾ ਕਿ ਬੱਚੇ ਦਾ ਵਧੀਆ ਪਾਲਣ-

> ❝ ਸੰਤ ਮਾਝਾ ਸਿੰਘ ਨੇ ਡੇਰੇ ਦੇ ਮੁਖੀ ਵਜੋਂ ਸਭ ਤੋਂ ਪਹਿਲਾਂ ਹੋਤੀ ਮਰਦਾਨ ਅਸਥਾਨ ਦੀਆਂ ਇਮਾਰਤਾਂ ਦੀ ਉਸਾਰੀ ਵੱਲ ਉਚੇਚਾ ਧਿਆਨ ਦਿੱਤਾ। ਡੇਰੇ ਦੇ ਦੁਆਲੇ ਕੋਈ ਚਾਰਦੀਵਾਰੀ ਨਹੀਂ ਸੀ, ਲੇਕਿਨ ਸੰਤ ਮਾਝਾ ਸਿੰਘ ਨੇ ਸਾਰੇ ਡੇਰੇ ਦੇ ਦੁਆਲੇ ਚਾਰਦੀਵਾਰੀ ਉਸਾਰ ਕੇ ਚਾਰੇ ਪਾਸੇ ਵੱਡੇ ਗੇਟ ਲਗਵਾ ਦਿੱਤੇ। ਇਥੇ ਇਹ ਵਰਨਣਯੋਗ ਹੈ ਕਿ ਜਦ 1944 ਈ. ਵਿਚ ਸੰਤ ਬਾਬਾ ਮਾਝਾ ਸਿੰਘ ਨੇ ਬਤੌਰ ਚੌਥੇ ਗੱਦੀ ਨਸ਼ੀਨ ਡੇਰਾ ਹੋਤੀ ਮਰਦਾਨ ਦੀ ਸੇਵਾ ਸੰਭਾਲੀ, ਉਸ ਸਮੇਂ ਰਾਜਨੀਤਕ ਹਾਲਾਤ ਅਜਿਹੇ ਬਣ ਗਏ ਸਨ ਕਿ ਪਾਕਿਸਤਾਨ ਬਣਨ ਦੀ ਚਰਚਾ ਸ਼ੁਰੂ ਹੋ ਗਈ ਸੀ। ਭੂਗੋਲਿਕ ਤੌਰ 'ਤੇ ਹੋਤੀ ਮਰਦਾਨ ਵਿਖੇ ਅਤੇ ਇਸ ਦਾ ਆਲਾ-ਦੁਆਲਾ ਬਹੁਤ ਪਠਾਣੀ ਵਸੋਂ ਵਾਲਾ ਇਲਾਕਾ ਸੀ। ਸੁਭਾਵ ਵਜੋਂ ਪਠਾਣ ਬਹੁਤ ਮਜ਼੍ਹਬੀ ਅਤੇ ਮੁਤੱਸਵੀ ਹੋਣ ਕਰਕੇ ਡੇਰਾ ਹੋਤੀ ਮਰਦਾਨ ਨੂੰ ਹਰ ਵੇਲੇ ਖਤਰਾ ਬਣਿਆ ਰਹਿਣ ਦੀ ਸੰਭਾਵਨਾ ਸੀ। ❞

ਪੋਸ਼ਣ ਕੀਤਾ ਜਾਵੇ ਕਿਉਂਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਨੇ ਬਹੁਤ ਵੱਡੀ ਜ਼ਿੰਮੇਵਾਰੀ ਸੰਭਾਲਣੀ ਹੈ। ਸਕੇ ਭੈਣ-ਭਰਾਵਾਂ, ਰਿਸ਼ਤੇਦਾਰਾਂ ਅਤੇ ਸਮਾਜ ਤੋਂ ਪਛਾੜਿਆ ਬਾਲਕ (ਸੰਤ) ਬਾਬਾ ਮਾਝਾ ਸਿੰਘ ਦਾ ਸੰਤ ਬਾਬਾ ਕਰਮ ਸਿੰਘ ਜੀ ਦੀ ਸ਼ਰਨ ਵਿਚ ਆਉਣ ਦਾ ਸਬੱਬ ਬਣਿਆ ਅਤੇ ਇਥੋਂ ਹੀ ਸ਼ੁਰੂ ਹੁੰਦਾ ਹੈ ਸੰਤ ਬਾਬਾ ਮਾਝਾ ਸਿੰਘ ਦੀ ਸੇਵਾ, ਸਿਮਰਨ ਦਾ ਅਧਿਆਤਮਕ ਸਫਰ। ਸੰਤ ਬਾਬਾ ਲਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਸੰਤ ਬਾਬਾ ਮਾਝਾ ਸਿੰਘ ਨੇ ਪੰਜਾਬੀ ਦੀ ਵਿੱਦਿਆ ਪ੍ਰਾਪਤ ਕੀਤੀ ਅਤੇ ਡੇਰੇ ਦੀ ਸੇਵਾ ਕਰਦਿਆਂ ਜੀਵਨ, ਸੱਚੀ ਸੁੱਚੀ ਟਕਸਾਲ ਵਿਚ ਘੜਨਾ ਸ਼ੁਰੂ ਹੋ ਗਿਆ। ਸੇਵਾ ਅਤੇ ਆਪਾ ਸਮਰਪਿਤ ਦੀ ਭਾਵਨਾ ਸੰਬੰਧੀ ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਸੰਤ ਮਾਝਾ ਸਿੰਘ ਨੇ ਤਕਰੀਬਨ 30 ਸਾਲ ਸੰਤ ਬਾਬਾ ਕਰਮ ਸਿੰਘ ਜੀ ਦੀ ਅਧੀਨਗੀ ਹੇਠ ਸੇਵਾ ਕੀਤੀ। ਤਕਰੀਬਨ 16 ਸਾਲ ਸੰਤ ਆਇਆ ਸਿੰਘ ਜੀ ਦੀ ਦੇਖ-ਰੇਖ ਹੇਠ ਆਪਣੀ ਜਵਾਨ ਅਵਸਥਾ ਵਿਚ ਡੇਰਾ ਹੋਤੀ ਮਰਦਾਨ ਦੀ ਸੇਵਾ ਕੀਤੀ ਅਤੇ ਫਿਰ ਤਕਰੀਬਨ 25 ਸਾਲ ਤੀਸਰੇ ਗੱਦੀ ਨਸ਼ੀਨ ਸੰਤ ਬਾਬਾ ਰਾਮ ਸਿੰਘ ਦੀ ਸ਼ਰਨ ਹੇਠ ਹੋਤੀ ਮਰਦਾਨ ਨੂੰ ਅਰਪਿਤ ਕੀਤੇ। ਮੌਜੂਦਾ ਸਮੇਂ ਵਿਚ ਨਜ਼ਰ ਮਾਰੀਏ ਤਾਂ ਅੱਜ ਦੇ ਪਦਾਰਥਵਾਦ ਦੇ ਸਮੇਂ ਵਿਚ ਅਸੀਂ ਤੁਰੰਤ ਫਲ ਦੀ ਆਸ ਰੱਖਦੇ ਹਾਂ, ਲੇਕਿਨ ਸੰਤ ਬਾਬਾ ਮਾਝਾ ਸਿੰਘ ਦੇ ਸਬਰ ਅਤੇ ਸਹਿਜ ਦੀ ਸ਼ਾਇਦ ਸਿੱਖ ਇਤਿਹਾਸ ਵਿਚ ਸਿਖਰ ਹੈ। ਉਹ ਤਕਰੀਬਨ 71 ਸਾਲ ਸੇਵਾ ਕਰਨ ਉਪਰੰਤ ਆਪਣੀ ਬਿਰਧ ਅਵਸਥਾ ਵਿਚ ਹੋਤੀ ਮਰਦਾਨ ਦੀਆਂ ਸੰਗਤਾਂ ਦੇ ਜ਼ੋਰ ਦੇਣ 'ਤੇ 1944 ਈ. ਵਿਚ, ਸੰਤ ਬਾਬਾ ਰਾਮ ਸਿੰਘ ਦੇ ਸਵਰਗਵਾਸ ਹੋ ਜਾਣ ਉਪਰੰਤ ਡੇਰੇ ਦੇ ਚੌਥੇ ਗੱਦੀ ਨਸ਼ੀਨ ਬਣੇ। ਸੰਤ ਮਾਝਾ ਸਿੰਘ ਨੇ ਡੇਰੇ ਦੇ ਮੁਖੀ ਵਜੋਂ ਸਭ ਤੋਂ ਪਹਿਲਾਂ ਹੋਤੀ ਮਰਦਾਨ ਅਸਥਾਨ ਦੀਆਂ ਇਮਾਰਤਾਂ ਦੀ ਉਸਾਰੀ ਵੱਲ ਉਚੇਚਾ ਧਿਆਨ ਦਿੱਤਾ। ਡੇਰੇ ਦੇ ਦੁਆਲੇ ਕੋਈ ਚਾਰਦੀਵਾਰੀ ਨਹੀਂ ਸੀ, ਲੇਕਿਨ ਸੰਤ ਮਾਝਾ ਸਿੰਘ ਨੇ ਸਾਰੇ ਡੇਰੇ ਦੇ ਦੁਆਲੇ ਚਾਰਦੀਵਾਰੀ ਉਸਾਰ ਕੇ ਚਾਰੇ ਪਾਸੇ ਵੱਡੇ ਗੇਟ ਲਗਵਾ ਦਿੱਤੇ। ਇਥੇ ਇਹ ਵਰਨਣਯੋਗ ਹੈ ਕਿ ਜਦ 1944 ਈ. ਵਿਚ ਸੰਤ ਬਾਬਾ ਮਾਝਾ ਸਿੰਘ ਨੇ ਬਤੌਰ ਚੌਥੇ ਗੱਦੀ ਨਸ਼ੀਨ ਡੇਰਾ ਹੋਤੀ ਮਰਦਾਨ ਦੀ ਸੇਵਾ ਸੰਭਾਲੀ, ਉਸ ਸਮੇਂ ਰਾਜਨੀਤਕ ਹਾਲਾਤ ਅਜਿਹੇ ਬਣ ਗਏ ਸਨ ਕਿ ਪਾਕਿਸਤਾਨ ਬਣਨ ਦੀ ਚਰਚਾ ਸ਼ੁਰੂ ਹੋ ਗਈ ਸੀ। ਭੂਗੋਲਿਕ ਤੌਰ 'ਤੇ ਹੋਤੀ ਮਰਦਾਨ ਵਿਖੇ ਅਤੇ ਇਸ ਦਾ ਆਲਾ-ਦੁਆਲਾ ਬਹੁਤ ਪਠਾਣੀ ਵਸੋਂ ਵਾਲਾ ਇਲਾਕਾ ਸੀ। ਸੁਭਾਵ ਵਜੋਂ ਪਠਾਣ ਬਹੁਤ ਮਜ਼ਬੀ ਅਤੇ ਮੁਤੱਸਵੀ ਹੋਣ ਕਰਕੇ ਡੇਰਾ ਹੋਤੀ ਮਰਦਾਨ ਨੂੰ ਹਰ ਵੇਲੇ ਖਤਰਾ ਬਣਿਆ ਰਹਿਣ ਦੀ ਸੰਭਾਵਨਾ ਸੀ। ਲੇਕਿਨ ਹੋਤੀ ਮਰਦਾਨ ਦੇ ਪੂਰਬਲੇ ਮਹਾਂਪੁਰਸ਼ਾਂ ਅਤੇ ਮੌਜੂਦਾ ਸੰਤ ਬਾਬਾ ਮਾਝਾ ਸਿੰਘ ਜੀ ਦੀ ਅਧਿਆਤਮਕ ਕਮਾਈ ਕਰਕੇ ਪਠਾਣ ਇਸ ਡੇਰੇ ਦੇ ਸਾਧੂਆਂ ਨੂੰ ਅੱਲਾਹ ਦੇ ਫਕੀਰ ਸਮਝਦੇ ਸਨ, ਲੇਕਿਨ ਫਿਰ ਵੀ 1947 ਈ. ਵਿਚ ਇਸ ਡੇਰੇ ਦੇ ਸਮੂਹ ਸਾਧੂਆਂ ਨੂੰ ਇਥੋਂ ਹਿਜਰਤ ਕਰਨੀ ਪਈ। ਭਾਰਤ-ਪਾਕਿ ਵੰਡ ਸਮੇਂ ਹੋਤੀ ਮਰਦਾਨ ਡੇਰੇ ਦੀ ਮਕਸੂਦਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਸਥਾਪਨਾ ਹੋਈ। ਸੰਨ 1947 ਈ. ਵੇਲੇ ਫਿਰਕਾਪ੍ਰਸਤੀ ਦੀ ਅੰਨ੍ਹੀ ਹਨ੍ਹੇਰੀ ਸਮੇਂ ਦੀ ਪਠਾਣਾਂ ਨੇ ਇਸ ਡੇਰੇ ਅਤੇ ਇਸ ਵਿਚ ਵੱਸਦੇ ਹਿੰਦੂ-ਸਿੱਖ ਸਾਧੂਆਂ, ਸੰਤਾਂ ਦੀ ਤਨਦੇਹੀ ਨਾਲ ਹਿਫਾਜ਼ਤ ਕੀਤੀ। ਡੇਰਾ ਹੋਤੀ ਮਰਦਾਨ ਦੇ ਮਹਾਂਪੁਰਸ਼ਾਂ ਦੇ ਉੱਚ ਪਾਏ ਦੇ ਜੀਵਨ ਅਤੇ ਅਧਿਆਤਮਿਕਤਾ ਦੀ ਕਦਰ ਕਰਦਿਆਂ ਪਾਕਿਸਤਾਨ ਸਰਕਾਰ ਨੇ ਬੜੇ ਅਦਬ ਅਤੇ

ਸਤਿਕਾਰ ਨਾਲ ਸੰਤ ਬਾਬਾ ਮਾਝਾ ਸਿੰਘ ਨੂੰ ਹਵਾਈ ਜਹਾਜ਼ ਰਾਹੀਂ ਹਿੰਦੁਸਤਾਨ ਪਹੁੰਚਾਇਆ। ਇਥੇ ਇਹ ਗੱਲ ਵਿਸ਼ੇਸ਼ ਕਰਕੇ ਵਰਨਣਯੋਗ ਹੈ ਕਿ ਸਰਕਾਰ ਨੇ ਹਵਾਈ ਜਹਾਜ਼ ਰਾਹੀਂ ਸਿਰਫ਼ ਵੀਹ ਕਿਲੋ ਭਾਰ ਸਾਮਾਨ ਲਿਆਉਣ ਦੀ ਇਜਾਜ਼ਤ ਦਿੱਤੀ। ਸੰਤ ਬਾਬਾ ਮਾਝਾ ਸਿੰਘ ਨੇ ਆਪਣੇ ਕੱਪੜੇ-ਲੱਤੇ ਤੋਂ ਇਲਾਵਾ ਸੰਤ ਬਾਬਾ ਕਰਮ ਸਿੰਘ ਦੇ ਪੈਰਾਂ ਦੀਆਂ ਪਵਿੱਤਰ ਖੜਾਵਾਂ ਆਪਣੇ ਨਾਲ ਲੈ ਆਂਦੀਆਂ। ਇਹ ਖੜਾਵਾਂ ਅੱਜ ਵੀ ਡੇਰਾ ਹੋਤੀ ਮਰਦਾਨ ਮਕਸੂਦਪੁਰ (ਕਪੂਰਥਲਾ) ਵਿਖੇ ਮਹਿਫੂਜ਼ ਹਨ। ਹੋਤੀ ਮਰਦਾਨ ਸਥਿਤ ਬਾਕੀ ਤਕਰੀਬਨ 30 ਤੋਂ 40 ਸਾਧੂ ਜਨਾਂ ਨੂੰ ਰੇਲ ਗੱਡੀ ਦਾ ਵਿਸ਼ੇਸ਼ ਪ੍ਰਬੰਧ ਕਰਕੇ ਇਧਰ ਪਹੁੰਚਾਇਆ ਗਿਆ। ਇਸ ਰੇਲ ਗੱਡੀ ਰਾਹੀਂ ਬਾਬਾ ਕਰਮ ਸਿੰਘ ਅਤੇ ਬਾਬਾ ਆਇਆ ਸਿੰਘ ਦਾ ਮੰਜਾ ਵੀ ਇਧਰ ਲਿਆਂਦਾ ਗਿਆ ਜੋ ਕਿ ਦਿੱਲੀ ਸਥਿਤ ਡੇਰਾ ਹੋਤੀ ਮਰਦਾਨ ਯਮਨਾ ਪਾਰ ਪੱਟਪੜਗੰਜ ਰਸੀਦ ਮਾਰਕੀਟ ਵਿਖੇ ਰੱਖੇ ਗਏ ਸਨ। ਲੇਕਿਨ 1984 ਈ. ਵਿਚ ਦਿੱਲੀ ਵਿਖੇ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ ਇਹ ਪਵਿੱਤਰ ਮੰਜੇ ਜਨੂੰਨੀਆਂ ਦੇ ਕਾਰੇ ਕਾਰਨ ਅਗਨ ਭੇਟ ਚੜ੍ਹ ਗਏ। 1947 ਈ. ਦੇ ਬਟਵਾਰੇ ਦੌਰਾਨ ਸੰਤ ਬਾਬਾ ਮਾਝਾ ਸਿੰਘ ਆਪਣੇ ਸਹਿਯੋਗੀਆਂ ਸਮੇਤ ਸਭ ਤੋਂ ਪਹਿਲਾਂ ਰੇਰੂ ਸਾਹਿਬ ਆ ਕੇ ਠਹਿਰੇ। ਹਰ ਕਿਸੇ ਵੱਡੇ ਕਾਰਜ ਲਈ ਕੁਦਰਤ ਵੱਲੋਂ ਕੋਈ ਨਾ ਕੋਈ ਸਬੱਬ ਬਣਦਾ ਹੈ ਅਤੇ ਸਹਿਜ ਤੋਂ ਉਪਜਿਆ ਮੰਤਵ ਮਨੁੱਖਤਾ ਦੇ ਭਲੇ ਲਈ ਸਿੱਧ ਹੁੰਦਾ ਹੈ। ਸਬੱਬ ਇਹ ਬਣਿਆ ਕਿ ਸੰਤ ਬਾਬਾ ਮਾਝਾ ਸਿੰਘ ਰੇਰੂ ਸਾਹਿਬ ਤੋਂ ਕਿਸੇ ਸਮਾਗਮ ਦੇ ਸੰਬੰਧ ਵਿਚ ਪਿੰਡ ਵੱਡੀ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਏ ਅਤੇ ਵਾਪਸੀ ਆਪਣੇ ਜੱਦੀ ਪਿੰਡ ਮਕਸੂਦਪੁਰ ਜਾਣ ਦਾ ਮਨ ਬਣਾ ਲਿਆ। ਜਦ ਸੰਤ ਬਾਬਾ ਮਾਝਾ ਸਿੰਘ ਪਿੰਡ ਮਕਸੂਦਪੁਰ ਪਹੁੰਚੇ ਤਾਂ ਨਗਰ ਨਿਵਾਸੀਆਂ ਨੇ ਪਿੰਡ ਦੇ ਨਾਲ ਲੱਗਦੀ ਜ਼ਮੀਨ ਦਾਰੇਸ਼ਾਹ ਦੀ ਝੰਗੀ ਵਿਚ ਡੇਰਾ ਹੋਤੀ ਮਰਦਾਨ ਦੀ ਸਥਾਪਨਾ ਲਈ ਬੇਨਤੀ ਕੀਤੀ। ਰੇਰੂ ਸਾਹਿਬ ਵਾਪਿਸ ਪਹੁੰਚਣ ਉਪਰੰਤ ਅਤੇ ਹੋਰ ਸੰਤਾਂ ਨਾਲ ਡੂੰਘੀ ਵਿਚਾਰ ਕਰਨ ਉਪਰੰਤ ਗਿਆਨੀ ਉੱਤਮ ਸਿੰਘ ਦੀ ਡਿਊਟੀ ਲਗਾਈ ਗਈ ਕਿ ਇਸ ਜ਼ਮੀਨ ਦੀ ਅਲਾਟਮੈਂਟ ਕਰਵਾਈ ਜਾਵੇ।

ਮੌਜੂਦਾ ਡੇਰੇ ਦੀ ਜ਼ਮੀਨ ਦੀ ਅਲਾਟਮੈਂਟ ਵਿਚ ਡਾਇਰੈਕਟਰ ਸ. ਤਰਲੋਕ ਸਿੰਘ ਅਤੇ ਰਫਿਊਜੀ ਸੈਟਲਮੈਂਟ ਅਫ਼ਸਰ ਸ. ਬੀਰਮ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ ਸੀ। ਅਲਾਟਮੈਂਟ ਉਪਰੰਤ ਪਹਿਲਾਂ ਇਕ ਮਸਜਿਦ ਅਤੇ ਇਕ ਮੁਸਾਫਰਖਾਨਾ ਹੀ ਡੇਰੇ ਵਿਚ ਵਰਤਿਆ ਗਿਆ ਫਿਰ ਸਮਾਂ ਪਾ ਕੇ ਸੰਤ ਬਾਬਾ ਮਾਝਾ ਸਿੰਘ ਨੇ ਪਹਿਲਾਂ ਡੇਰੇ ਦੀ ਇਮਾਰਤ ਬਣਾਈ, ਫਿਰ ਲੰਗਰ ਲਈ ਬਿਲਡਿੰਗ, ਗਊਸ਼ਾਲਾ ਅਤੇ ਸੰਗਤ ਦੇ ਆਰਾਮ ਲਈ ਇਮਾਰਤਾਂ ਬਣਵਾਈਆਂ। ਇਹ ਵਿਸ਼ੇਸ਼ ਵਰਣਨਯੋਗ ਹੈ ਕਿ ਮੌਜੂਦਾ ਡੇਰੇ ਨੂੰ ਅੱਜ ਵੀ ਝੰਗੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਦਾ ਪਿਛੋਕੜ ਹੈ ਕਿ 1947 ਈ. ਤੋਂ ਪਹਿਲਾਂ ਇਹ ਜਗ੍ਹਾ ਮੁਸਲਮਾਨ ਫਰੀਦ ਦਾਰੇਸ਼ਾਹ ਦੀ ਸੀ ਅਤੇ ਇਥੇ ਅਣਗਿਣਤ ਜਾਮਣ ਦੇ ਦਰੱਖਤ ਸਨ। ਦਰੱਖਤ ਇੰਨੇ ਸੰਘਣੇ ਸਨ ਕਿ ਦਿਨ ਵੇਲੇ ਵੀ ਇਸ ਵਿਚੋਂ ਲੰਘਣ 'ਤੇ ਡਰ ਲੱਗਦਾ ਸੀ। ਇਹ ਵੀ ਸਮਝਿਆ ਜਾਂਦਾ ਹੈ ਕਿ ਦਾਰੇਸ਼ਾਹ ਉੱਚ-ਪਾਏ ਦਾ ਫਕੀਰ ਸੀ ਅਤੇ ਇਸ ਪਰਿਵਾਰ ਨਾਲ ਸੰਬੰਧਤ ਅੱਜ ਵੀ ਇਥੇ ਮਸੀਤ ਮੌਜੂਦ ਹੈ। ਸੰਘਣੇ ਦਰੱਖਤਾਂ ਕਰਕੇ ਇਸ ਨੂੰ ਝੰਗੀ ਕਿਹਾ ਜਾਂਦਾ ਸੀ ਅਤੇ ਸੰਤ ਮਾਝਾ ਸਿੰਘ ਵੱਲੋਂ ਇਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਨ ਉਪਰੰਤ ਇਸ ਭੈਅਭੀਤ ਹੋਣ ਵਾਲੇ ਸਥਾਨ 'ਤੇ ਹਰ ਵੇਲੇ ਸੰਗਤ ਦਾ ਤਾਂਤਾ ਲੱਗਿਆ ਰਹਿਣ ਲੱਗ ਪਿਆ। ਸੰਤ ਬਾਬਾ ਮਾਝਾ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਧਾਰਮਿਕ ਖੇਤਰ ਤੋਂ ਇਲਾਵਾ ਵਿਦਿਅਕ ਖੇਤਰ ਵਿਚ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਦਾ ਆਪਣੇ ਹੱਥੀਂ ਟੱਕ ਲਗਾ ਕੇ ਇਹ ਵਿਦਿਅਕ ਅਦਾਰਾ ਉਸਾਰਿਆ। ਇਵੇਂ ਹੀ ਨੇੜਲੇ ਪਿੰਡ ਬੇਗੋਵਾਲ (ਕੂਪਰਥਲਾ) ਵਿਖੇ ਸੰਤ ਪ੍ਰੇਮ ਕਰਮ ਸਿੰਘ ਕਰਮਸਰ ਕਾਲਜ ਦੀ ਸਥਾਪਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਸੰਤ ਮਾਝਾ ਸਿੰਘ ਦੀ ਅਧਿਆਤਮਿਕ ਕਮਾਈ ਬਹੁਤ ਉੱਚ ਅਵਸਥਾ ਵਾਲੀ ਸੀ, ਜਿਸ ਕਰਕੇ ਸਿੱਖ ਪੰਥ ਵਿਚ ਇਨ੍ਹਾਂ ਦਾ ਅਹਿਮ ਸਤਿਕਾਰ ਸੀ। ਮਨੁੱਖਤਾ ਦੇ ਭਲੇ ਲਈ ਨਿਸ਼ਕਾਮ ਸੇਵਾ ਕਰਦਿਆਂ ਸੌ ਸਾਲ ਤੋਂ ਵੱਧ ਉਮਰ ਹੋਣ ਕਰਕੇ 1971 ਈ. ਵਿਚ ਲੋਹੜੀ ਦੀ ਰਾਤ ਨੂੰ ਇਨ੍ਹਾਂ ਦਾ ਸਰੀਰ ਕੁਝ ਢਿੱਲਾ ਹੋਇਆ ਅਤੇ ਇਲਾਜ ਲਈ ਪਹਿਲਾਂ ਕਪੂਰਥਲਾ, ਫਿਰ ਜਲੰਧਰ ਅਤੇ ਅਖੀਰ ਗੁਰੂ ਰਾਮਦਾਸ ਦੀ ਨਗਰੀ ਅੰਮ੍ਰਿਤਸਰ ਵਿਖੇ ਲਿਜਾਇਆ ਗਿਆ, ਜਿਥੇ ਚਾਰ ਦਿਨਾਂ ਦੇ ਅੰਦਰ ਹੀ ਲੋਹੜੀ ਤੋਂ ਬਾਅਦ 4 ਮਾਘ, 1971 ਨੂੰ ਉਹ ਇਸ ਫਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ। ਡੇਰਾ ਮਕਸੂਦਪੁਰ ਤੋਂ ਬਿਆਸ ਦਰਿਆ ਤਕਰੀਬਨ ਛੇ ਕਿਲੋਮੀਟਰ ਦੂਰ ਹੈ। 5 ਮਾਘ, 1971 ਈ. ਨੂੰ ਇਨ੍ਹਾਂ ਦੀ ਅੰਤਿਮ ਵਿਦਾਇਗੀ ਸਮੇਂ ਇੰਨੀ ਭਾਰੀ ਗਿਣਤੀ ਵਿਚ ਸੰਗਤ ਸੀ ਕਿ ਇਕ ਪਾਸੇ ਸੰਗਤਾਂ ਸੰਤਾਂ ਦੇ ਪਾਵਨ ਸਰੀਰ ਨੂੰ ਜਲਪ੍ਰਵਾਹ ਕਰਨ ਲਈ ਬਿਆਸ ਦਰਿਆ 'ਤੇ ਪਹੁੰਚ ਚੁੱਕੀਆਂ ਸਨ ਅਤੇ ਦੂਸਰੇ ਪਾਸੇ ਅਜੇ ਡੇਰੇ ਤੋਂ ਤੁਰ ਰਹੀਆਂ ਸਨ। ਇਸ ਅੰਤਿਮ ਯਾਤਰਾ ਵਿਚ ਮੈਂ ਖੁਦ ਮੌਜੂਦ ਸਾਂ ਅਤੇ ਆਪਣੇ 15 ਸਾਲ ਦੇ ਅੱਖੀਂ ਡਿੱਠਾ ਅਜਿਹਾ ਵੈਰਾਗਮਈ ਦ੍ਰਿਸ਼ ਅਜਿਹੇ ਪਲ ਸਨ ਜਿਹੜੇ ਜ਼ਿੰਦਗੀ ਦਾ ਅਭੁੱਲ ਹਿੱਸਾ ਬਣ ਚੁੱਕੇ ਹਨ। ਮੌਜੂਦਾ ਪੰਜਵੇਂ ਗੱਦੀ ਨਸ਼ੀਨ ਸੰਤ ਮਾਝਾ ਸਿੰਘ ਦੇ ਪਵਿੱਤਰ ਸਰੀਰ ਨੂੰ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ ਗਿਆ। ਇਤਿਹਾਸ ਅੰਦਰ ਅਜਿਹੇ ਮਹਾਂਪੁਰਸ਼ ਆਪਣੇ ਸੁਚੱਜੇ ਜੀਵਨ ਅਤੇ ਮਨੁੱਖਤਾ ਦੇ ਦਰਦਮੰਦ ਹੋਣ ਕਰਕੇ ਸਦੀਵੀ ਰਹਿੰਦੇ ਹਨ। ਸੰਤ ਬਾਬਾ ਮਾਝਾ ਸਿੰਘ ਜੀ ਦਾ 105 ਸਾਲ ਦਾ ਲੰਬਾ ਜੀਵਨ ਸੰਘਰਸ਼, ਸੇਵਾ, ਤਿਆਗ, ਨਾਮ ਸਿਮਰਨ ਦੀ ਨਿਵੇਕਲੀ ਦਾਸਤਾਨ ਹੈ, ਜਿਸ ਤੋਂ ਸਾਨੂੰ ਜ਼ਰੂਰ ਪ੍ਰੇਰਨਾ ਲੈਣੀ ਚਾਹੀਦੀ ਹੈ।

# ਮੁਕਤਸਰ ਦੀ ਜੰਗ ਵਿਚ ਜੂਝਣ ਵਾਲੇ ਮਾਈ ਭਾਗੋ ਤੇ ਭਾਈ ਮਹਾਂ ਸਿੰਘ

**ਡਾ. ਜਸਬੀਰ ਸਿੰਘ ਸਾਬਰ**

ਹਜ਼ਾਰਾਂ ਸਾਲਾਂ ਤੋਂ ਮਨੁੱਖ, ਨਿਰੰਤਰ ਯਤਨਸ਼ੀਲ ਰਿਹਾ ਹੈ ਕਿ ਉਹ ਕਿਸੇ ਤਰ੍ਹਾਂ ਸਦੀਵ-ਕਾਲ ਜਿਉਂਦਾ ਰਹੇ।ਆਪਣੀ ਇਹ ਇੱਛਾ ਪੂਰਤੀ ਲਈ ਉਸ ਨੇ ਅਨੇਕਾਂ ਕਠਨ ਤਪ, ਜਪ ਤੇ ਸਾਧਨ ਵੀ ਕੀਤੇ ਪਰ ਕੁਦਰਤ ਦੇ ਅਟੱਲ ਵਿਧਾਨ ਅੱਗੇ ਉਹ ਅਸਫਲ ਹੀ ਰਿਹਾ। ਇਸ ਕਾਰਜ ਪੂਰਤੀ ਲਈ ਪੁਜਾਰੀਆਂ ਨੇ ਇਕ ਸੰਕਲਪ ਦਿੱਤਾ ਮਨੁੱਖ ਨੂੰ ਜਿਸ ਦਾ ਨਾਮ ਹੈ ਮੁਕਤੀ। ਸਦੀਵ-ਕਾਲ ਜਿਊਣ ਦੀ ਥਾਂ ਇਸ ਮੁਕਤੀ-ਪਦ ਨੂੰ ਪ੍ਰਾਪਤ ਕਰਨ ਦੀ ਇੱਛਾ, ਮਾਨਵ-ਚੇਤਨਾ ਵਿਚ ਅਜਿਹੀ ਪ੍ਰਚੰਡ ਹੋਈ ਕਿ ਉਹ ਸੰਸਾਰੀ ਕਾਰ-ਵਿਹਾਰ, ਸਮਾਜਿਕ ਜ਼ਿੰਮੇਵਾਰੀਆਂ ਅਤੇ ਨੈਤਿਕਤਾ ਦਾ ਮਾਰਗ ਛੱਡ ਕੇ ਜੀਵਨ ਦੀ ਸਾਰੀ ਸ਼ਕਤੀ ਇਸ ਪਦ ਨੂੰ ਪ੍ਰਾਪਤ ਕਰਨ ਵਿਚ ਨਸ਼ਟ ਕਰਨ ਲੱਗ ਪਿਆ। ਹਰੇਕ ਧਰਮ ਵਿਚ ਮੁਕਤੀ ਦਾ ਖਿਆਲ ਤਾਂ ਮਿਲਦਾ ਹੈ ਪਰ ਇਸ ਦੀ ਪ੍ਰਾਪਤੀ ਹਿੱਤ ਸਾਰਥਿਕ ਗਰੰਟੀ ਕੋਈ ਵੀ ਨਹੀਂ ਦਿੰਦਾ। ਇਸੇ ਲਈ ਸਿੱਖ ਗੁਰੂਆਂ ਅਤੇ ਭਗਤਾਂ ਨੇ ਮੁਕਤੀ ਦਾ ਸਰੂਪ ਤੇ ਸੰਦਰਭ ਬਦਲਦਿਆਂ ਇਸ ਸੰਕਲਪ ਨੂੰ ਨਵੇਂ ਅਰਥਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਜਿਸ ਨਾਲ ਮਾਨਵ-ਜੀਵਨ ਵਿਗਸਿਆ ਅਤੇ ਮਾਨਵ-ਸਮਾਜ ਪ੍ਰਫੁੱਲਤ ਹੋਇਆ। ਨਵੇਂ ਅਰਥਾਂ ਅਨੁਸਾਰ ਸਿੱਖ ਧਰਮ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਰੱਬੀ-ਬੋਲਾਂ ਅਨੁਸਾਰ :

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥**
**ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥**

ਇਹੋ ਕਾਰਨ ਹੈ ਕਿ ਸਿੱਖ ਧਰਮ ਦੀ ਰੋਜ਼ਾਨਾ ਅਰਦਾਸ ਵਿਚ ਉਨ੍ਹਾਂ ਚਾਲੀ ਮੁਕਤਿਆਂ ਦਾ ਨਾਮ ਸਤਿਕਾਰ ਨਾਲ ਲਿਆ ਜਾਂਦਾ ਹੈ ਜਿਨ੍ਹਾਂ ਨੇ ਧਰਮ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਚਾਲੀ ਮੁਕਤਿਆਂ ਦਾ ਜਥੇਦਾਰ ਸੀ ਭਾਈ ਮਹਾਂ ਸਿੰਘ ਅਤੇ ਉਸ ਨੂੰ ਇਸ ਕਾਰਜ ਲਈ ਪ੍ਰੇਰਤ ਕਰਨ ਵਾਲੀ ਸੀ ਮਾਈ ਭਾਗੋ।

ਦਰਅਸਲ ਪੁਜਾਰੀਆਂ ਦੇ ਕਰਮ-ਕਾਂਡੀ ਭਰਮ-ਜਾਲ ਵਿਚ ਫਸੀ ਅਤੇ ਵਿਦੇਸ਼ੀ ਹਾਕਮ ਦੇ ਜੂਲੇ ਵਿਚ ਜਕੜੀ ਸਾਹਸਤਹੀਣ ਹੋਈ ਬੇਗੈਰਤੀ ਵਾਲਾ ਜੀਵਨ ਜੀਉ ਰਹੀ ਭਾਰਤੀ ਜਨਤਾ ਨੂੰ ਸਿਰ ਉੱਚਾ ਚੁੱਕ ਕੇ ਮਾਨ-ਸਨਮਾਨ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ, ਗੁਰੂ ਨਾਨਕ ਸਾਹਿਬ ਜੀ ਨੇ ਇਹ ਆਖ ਕੇ ਕਿ -


**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**

ਗੁਰੂ ਨਾਨਕ ਸਾਹਿਬ ਨੇ ਅਜਿਹਾ ਕਹਿਣ ਅਤੇ ਕਰਨ ਸਮੇਂ ਨਾ ਤਾਂ ਪੁਜਾਰੀਆਂ ਦੇ ਫ਼ਤਵਿਆਂ ਦੀ ਪਰਵਾਹ ਹੀ ਕੀਤੀ ਅਤੇ ਨਾ ਹੀ ਹਾਕਮ ਸ਼੍ਰੇਣੀ ਦਾ ਕੋਈ ਡਰ ਹੀ ਮੰਨਿਆ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲੋਕ-ਮਾਨਸ ਦੀ ਚੇਤਨਾ ਵਿਚੋਂ ਹਾਕਮ ਸ਼੍ਰੇਣੀ ਦਾ ਡਰ ਆਪਣੇ ਬੀਰ ਰਸੀ ਕਿਰਦਾਰ ਅਤੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਮਿਟਾਇਆ ਅਤੇ ਉਨ੍ਹਾਂ ਨੂੰ ਹੱਕ-ਸੱਚ ਲਈ ਜੂਝ ਮਰਨ ਦੀ ਜਾਚ ਦੱਸੀ। ਦਸਮ ਪਿਤਾ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਦਿਆਂ ਅਜਿਹੀ ਕੌਮ ਨੂੰ ਜਨਮ ਦਿੱਤਾ ਜਿਸ ਦੇ ਇਕ ਹੱਥ ਵਿਚ ਮਾਲਾ ਅਤੇ ਦੂਜੇ ਹੱਥ ਵਿਚ ਕਿਰਪਾਨ ਫੜਾਈ। ਇਹ ਖ਼ਾਲਸਾ ਇਕੋ ਸਮੇਂ ਸੰਤ ਵੀ ਸੀ ਤੇ ਸਿਪਾਹੀ ਵੀ। ਭਗਤੀ ਤੇ ਸ਼ਕਤੀ ਦੇ ਇਸ ਸੁਮੇਲ ਨੇ ਨਿਰੰਤਰ ਸ਼ਹੀਦੀਆਂ ਦਾ ਅਜਿਹਾ ਇਤਿਹਾਸ ਸਿਰਜਿਆ ਜੋ ਅੱਜ ਵੀ ਮੌਤ ਨੂੰ ਮਖੌਲ ਕਰਨ ਤੋਂ ਨਹੀਂ ਝਿਜਕਦਾ। ਸ਼ਹੀਦਾਂ ਦੀ ਲੜੀ ਦੇ ਹੀ ਇਹ ਦੋ ਮੋਤੀ ਹਨ ਮਾਈ ਭਾਗੋ ਤੇ ਭਾਈ ਮਹਾਂ ਸਿੰਘ।

ਮਾਈ ਭਾਗੋ ਜੀ ਦੇ ਜੀਵਨ-ਸਮਾਚਾਰ, ਇਤਿਹਾਸਕ ਦ੍ਰਿਸ਼ਟੀ ਤੋਂ ਵਿਸਥਾਰ ਵਿਚ ਪ੍ਰਾਪਤ ਨਹੀਂ ਹੁੰਦੇ ਪਰ ਇਸ ਦੇ ਬਾਵਜੂਦ ਉਹ ਲੋਕ-ਸਿਮ੍ਰਤੀ ਦਾ ਜਿਉਂਦਾ-ਜਾਗਦਾ ਅੰਗ ਹੈ ਅਤੇ ਸਿੱਖ-ਇਤਿਹਾਸ ਨੂੰ ਪ੍ਰਭਾਵਤ ਕਰਦੀ ਪ੍ਰਭਾਵੀ ਸਖ਼ਸ਼ੀਅਤ ਮੰਨੀ ਜਾਂਦੀ ਹੈ।

ਮਾਈ ਭਾਗੋ ਦਾ ਸਿਜਰਾ ਖ਼ਾਨਦਾਨ ਝਬਾਲ ਨਗਰ ਦੇ ਮੰਨੇ-ਪ੍ਰਮੰਨੇ ਚੌਧਰੀ ਅਬਲ ਖੈਰ ਨਾਲ ਜਾ ਜੁੜ੍ਹਦਾ ਹੈ। ਚੌਧਰੀ ਅਬਲ ਖੈਰ ਸੁਲਤਾਨੀ ਮੱਤ ਦਾ ਪੈਰੋਕਾਰ ਸੀ ਅਤੇ ਇਸ ਦੇ ਪੰਜ ਪੁੱਤਰ ਸਨ-ਜਸਤ੍ਰੀਆਂ, ਬਿੰਨਾ, ਸੁੰਦਰ, ਪੇਰੋ ਸ਼ਾਹ ਅਤੇ ਬਾਬਾ ਲੰਗਾਹ। ਪਹਿਲੇ ਤਿੰਨ ਪੁੱਤਰ ਲੋਕ-ਨੇੜਤਾ ਤੋਂ ਲਾਂਭੇ ਰਹਿੰਦੇ ਸਨ ਪਰ ਪੇਰੋ ਸ਼ਾਹ ਤੇ ਬਾਬਾ ਲੰਗਾਹ ਲੋਕਾਂ ਦੇ ਦੁੱਖ-ਸੁਖ ਦੇ ਭਾਈਵਾਲ ਸਨ। ਇਹ ਦੋਵੇਂ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਿੱਖ ਸਨ। ਪੇਰੋ ਸ਼ਾਹ ਦੇ ਦੋ ਪੁੱਤਰ ਸਨ ਮਾਨੋ ਸ਼ਾਹ ਤੇ ਹਰੂ। ਮਾਈ ਭਾਗੋ ਇਸੇ ਮਾਨੋ ਸ਼ਾਹ ਦੀ ਬੇਟੀ ਸੀ। ਪਰਿਵਾਰ ਵਿਚ ਇਕੋ ਇਕ ਧੀ ਹੋਣ ਕਾਰਨ ਇਸ ਬੱਚੀ ਦਾ ਨਾਮ 'ਭਾਗ ਭਰੀ' ਰੱਖਿਆ ਗਿਆ ਜੋ 'ਭਾਗੋ' ਨਾਮ ਨਾਲ ਪ੍ਰਸਿੱਧ ਹੋਈ। ਖ਼ਿਆਲ ਕੀਤਾ ਜਾਂਦਾ ਹੈ ਕਿ ਮਾਈ ਭਾਗੋ, ਮਾਤਾ ਜੀਤੋ ਜੀ ਦੀ ਹਾਣੀ ਸੀ ਅਤੇ ਮਾਤਾ ਜੀਤੋ ਜੀ ਦਸਮੇਸ਼ ਪਿਤਾ ਤੋਂ ਉਮਰ ਵਿਚ ਦੋ ਸਾਲ ਛੋਟੇ ਸਨ। ਇਸ ਤਰ੍ਹਾਂ ਆਪ ਜੀ ਦਾ ਜਨਮ 1668 ਈ. ਵਿਚ ਹੋਇਆ ਮੰਨਿਆ ਜਾ ਸਕਦਾ ਹੈ।

ਅਜਿਹੇ ਸੰਕੇਤ ਮਿਲਦੇ ਹਨ ਕਿ ਆਪ ਜੀ ਬੜੇ ਸੂਝਵਾਨ, ਦਲੇਰ ਅਤੇ ਹਾਜ਼ਰ ਜਵਾਬ ਸਨ। ਭਾਈ ਵੀਰ ਸਿੰਘ ਜੀ ਨੇ 'ਕਲਗੀਧਰ ਚਮਤਕਾਰ' ਵਿਚ ਆਪ ਜੀ ਦੇ ਜੀਵਨ ਬਾਰੇ ਸੂਚਨਾ ਦਿੰਦਿਆਂ ਸੰਕੇਤ ਕੀਤਾ ਹੈ ਕਿ ਮਾਈ ਭਾਗੋ ਨੌਵੇਂ ਗੁਰੂ ਤੇਗ਼ ਬਹਾਦਰ ਅਤੇ ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਅਕਸਰ ਜਾਂਦੀ ਰਹਿੰਦੀ ਸੀ। ਬੀਬੀ ਜੀ ਨੂੰ ਆਪਣੀ ਮਾਤਾ ਪਾਸੋਂ ਗੁਰ-ਇਤਿਹਾਸ ਸੁਣਨ ਨਾਲ ਗੁਰੂ ਘਰ ਨਾਲ ਪ੍ਰੇਮ ਪੈਦਾ ਹੋ ਗਿਆ ਸੀ। ਇਹ ਜ਼ਨਾਨਾ ਕੱਪੜਿਆਂ ਦੀ ਥਾਂ ਮਰਦਾਵਾਂ ਲਿਬਾਸ ਰੱਖਦੀ ਸੀ ਅਤੇ ਗੱਤਕੇਬਾਜ਼ੀ ਦਾ ਅਭਿਆਸ ਕਰਦੀ ਰਹਿੰਦੀ ਸੀ। ਇਸ ਦੇ ਮੋਢੇ ਉਤੇ ਹਮੇਸ਼ਾ ਇਕ ਸਾਂਗ ਰਹਿੰਦੀ ਸੀ, ਜਿਸਦੇ ਸਿਰੇ ਉੱਪਰ ਇਕ ਛੋਟਾ ਨੇਜਾ ਹੁੰਦਾ ਸੀ। ਭਾਈ ਵੀਰ ਸਿੰਘ ਜੀ ਦੀ ਸੂਚਨਾ ਅਨੁਸਾਰ ਮਾਈ ਭਾਗੋ ਉੱਚੀ ਲੰਮੀ ਤੇ ਭਰਵੇਂ ਚਿਹਰੇ ਵਾਲੀ ਸੁੰਦਰ ਬੀਬੀ ਸੀ। ਸੱਚ, ਸਿਦਕ ਅਤੇ ਨਿਰਭੈਤਾ ਉਸ ਦੇ ਗਹਿਣੇ ਸੀ। ਨਗਰ ਦੇ ਹਰ ਕੰਮ ਵਿਚ ਉਹ ਸਦਾ ਮੋਹਰੀ ਹੁੰਦੀ ਅਤੇ ਨਗਰ ਵਾਸੀਆਂਦ ੇਦ_ਖ-ਸੁਖਦ ਭਿ ਾਈਵਾਲਬ ਣਦੀ ਸ ਮਾਜ-ਸੇਵੀਕ ੰਮਾਂ



ਕਾਰਨ ਉਹ ਆਪਣੇ ਨਗਰ ਅਤੇ ਨਾਲ ਲੱਗਦੇ ਪਿੰਡਾਂ ਵਿਚ ਸਤਿਕਾਰੀ ਜਾਂਦੀ ਸੀ।

ਮਾਈ ਭਾਗੋ ਆਪਣੇ ਪਤੀ ਸ. ਨਿਧਾਨ ਸਿੰਘ ਦੇ ਨਾਲ 1699 ਈ. ਵਾਲੀ ਵੈਸਾਖੀ ਸਮੇਂ ਸ੍ਰੀ ਅਨੰਦਪੁਰ ਸਾਹਿਬ ਗਈ। ਬੀਬੀ ਜੀ ਦੇ ਦੋ ਵੱਡੇ ਭਰਾ ਭਾਈ ਭਾਗ ਸਿੰਘ ਤੇ ਭਾਈ ਦਿਲਬਾਗ ਸਿੰਘ ਵੀ ਇਸੇ ਸਮੇਂ ਨਾਲ ਹੀ ਸਨ। ਇਹ ਸਾਰਾ ਪਰਿਵਾਰ ਦਸਮ ਪਿਤਾ ਦੇ ਤੇਜੱਸਵੀ ਚਿਹਰੇ ਬੀਰਤਾ ਵਾਲੇ ਚਰਿੱਤਰ ਅਤੇ ਜਾਹੋ-ਜਲਾਲ ਤੋਂ ਅਜਿਹਾ ਪ੍ਰਭਾਵਤ ਹੋਇਆ ਕਿ ਗੁਰੂ ਜੀ ਦਾ ਬਣ ਕੇ ਕਹਿ ਗਿਆ। ਮਿਲਣਸਾਰ ਸੁਭਾਅ ਦੀ ਹੋਣ ਕਾਰਨ ਮਾਈ ਭਾਗੋ ਦੀ, ਮਾਤਾ ਜੀਤੋ ਨਾਲ ਨੇੜਤਾ ਏਨੀ ਵਧ ਗਈ ਕਿ ਆਪ ਜੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਇਕ ਤਰ੍ਹਾਂ ਖਿਡਾਵੀ ਬਣ ਗਈ। ਇਸ ਨੇੜਤਾ ਕਾਰਨ ਮਾਈ ਭਾਗੋ ਦੀ ਸਖ਼ਸ਼ੀਅਤ ਗੁਰੂ-ਪਰਿਵਾਰ ਅਤੇ ਗੁਰੂ-ਸੰਗਤਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਗਈ।

1699 ਈ. ਦੀ ਵੈਸਾਖੀ ਸਮੇਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਕਰਨ ਉਪਰੰਤ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤ ਪਾਨ ਕਰਨ ਅਤੇ ਭਵਿੱਖ ਵਿਚ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਦੇਣ ਦੀ ਇਤਿਹਾਸਕ ਕ੍ਰਾਂਤੀਕਾਰੀ ਘਟਨਾ ਨੇ ਮਾਨਵ-ਚੇਤਨਾ ਦੀ ਸੋਚ ਹੀ ਬਦਲ ਦਿੱਤੀ। ਸਿੰਘ ਸਜਣ ਦੀ ਲਹਿਰ ਅਧੀਨ ਮਾਈ ਭਾਗੋ ਨੇ ਵੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ ਜਿਸ ਕਰਕੇ ਉਹ ਮਾਈ ਭਾਗੋ ਦੀ ਥਾਂ ਭਾਗ ਕੌਰ ਬਣ ਗਈ। ਪਰ ਭਾਈ ਕਾਨ੍ਹ ਸਿੰਘ ਜੀ ਵੱਲੋਂ ਮਹਾਨ ਕੋਸ਼ ਵਿਚ ਦਰਜ ਕੀਤੀ ਗਈ ਸੂਚਨਾ (ਮ. ਕੋਸ਼, ਪੰ. 683) ਅਨੁਸਾਰ ਮਾਈ ਭਾਗੋ ਨੂੰ ਦਸਮੇਸ਼ ਪਿਤਾ ਨੇ ਮੁਕਤਸਰ ਦੀ ਜੰਗ ਸਮਾਪਤ ਹੋਣ ਉਪਰੰਤ ਅੰਮ੍ਰਿਤ ਪਾਨ ਕਰਾਇਆ ਸੀ।

ਦਰਅਸਲ, ਸ੍ਰੀ ਅਨੰਦਪੁਰ ਦੇ ਆਲੇ-ਦੁਆਲੇ ਰਹਿੰਦੇ ਬਾਈਧਾਰ ਦੇ ਪਹਾੜੀ ਰਾਜਿਆਂ ਦੀਆਂ ਚੁਗਲੀ ਭਰੀਆਂ ਸ਼ਿਕਾਇਤਾਂ ਦੀ ਆੜ ਹੇਠ ਮੁਗ਼ਲ ਸੈਨਾ ਨੇ ਸ੍ਰੀ ਅਨੰਦਪੁਰ ਦੇ ਕਿਲ੍ਹੇ ਨੂੰ ਚਹੁੰ ਪਾਸਿਆਂ ਤੋਂ ਘੇਰ ਲਿਆ ਸੀ। ਮੁਗ਼ਲ-ਸੈਨਾ ਦਾ ਇਹ ਘੇਰਾ ਨਿਰੰਤਰ 7 ਮਹੀਨਿਆਂ ਤੋਂ ਜਾਰੀ ਸੀ ਜਿਸ ਕਾਰਨ ਕਿਲ੍ਹੇ ਵਿਚੋਂ ਲੋੜੀਂਦੇ ਰਾਸ਼ਨ ਦੀ ਥੁੜ, ਗੋਲਾ-ਬਾਰੂਦ, ਹਥਿਆਰਾਂ ਦੀ ਘਾਟ ਅਤੇ ਬਿਮਾਰੀ ਕਾਰਨ ਕਮਜ਼ੋਰ ਹੋਏ ਸਿੰਘਾਂ ਦੀ ਘਬਰਾਹਟ ਨੇ ਕਿਲ੍ਹੇ ਵਿਚ ਬੇਚੈਨੀ ਪੈਦਾ ਕਰ ਦਿੱਤੀ ਸੀ। ਹਾਲਾਤ ਨੇ ਸਿੰਘਾਂ ਨੂੰ ਕਿਲ੍ਹਾ ਛੱਡਣ ਲਈ ਮਜਬੂਰ ਕਰ ਦਿੱਤਾ ਅਤੇ ਉਹ ਆਪਣੀ ਖਾਹਿਸ਼ ਪ੍ਰਗਟ ਕਰਨ ਲਈ ਕਲਗੀਧਰ ਪਿਤਾ ਕੋਲ ਹਾਜ਼ਰ ਹੋਏ। ਸਿੰਘਾਂ ਨੇ ਦਸਮ ਪਿਤਾ ਨੂੰ ਕਿਲ੍ਹਾ ਖਾਲੀ ਕਰਨ ਦਾ ਸੁਝਾਅ ਦਿੱਤਾ ਪਰ ਦਸਮ ਪਿਤਾ ਨੇ ਇਸ ਨੂੰ ਪੰਥਕ ਹਿੱਤਾਂ ਦੇ ਪ੍ਰਤੀਕੂਲ ਅਤੇ ਸਿੰਘਾਂ ਦਾ ਨੁਕਸਾਨ ਹੋਣ ਕਾਰਨ ਅਪ੍ਰਵਾਨ ਕਰ ਦਿੱਤਾ। ਕੁਝ ਸਿੰਘਾਂ ਨੇ ਆਪਣਾ ਹਠ ਪੁਗਾਉਣ ਲਈ ਕਿਲ੍ਹੇ ਤੋਂ ਬਾਹਰ ਜਾਣ ਦਾ ਫੈਸਲਾ ਸੁਣਾ ਦਿੱਤਾ। ਦਸਮੇਸ਼ ਜੀ ਨੇ ਵੀ ਸੁਝਾਅ ਰੱਖ ਦਿੱਤਾ ਕਿ “ਜੇਕਰ ਤੁਸੀਂ ਮੈਨੂੰ ਗੁਰੂ ਮੰਨਦੇ ਹੋ ਤਾਂ ਕਿਲ੍ਹੇ ਦੇ ਅੰਦਰ ਰਹੋ ਨਹੀਂ ਤਾਂ ਲਿਖ ਕੇ ਦੇ ਜਾਵੋ ਕਿ ਨਾ ਤੂੰ ਸਾਡਾ ਗੁਰੂ, ਨਾ ਅਸੀਂ ਤੇਰੇ ਸਿੱਖ”। ਦਸਮ ਪਿਤਾ ਦੀ ਇਹ ਗੱਲ ਸੁਣ ਕੇ 40 ਸਿੰਘਾਂ ਨੇ ਲਿਖ ਕੇ ਦੇ ਦਿੱਤਾ ਕਿ “ਨਾ ਤੂੰ

ਅੱਜ ਤੋਂ ਸਾਡਾ ਗੁਰੂ, ਨਾ ਅਸੀਂ ਤੇਰੇ ਸਿੱਖ"। ਇਸੇ ਲਿਖਤ ਨੂੰ 'ਬੇਦਾਵਾ' ਆਖਿਆ ਜਾਂਦਾ ਹੈ। ਬੇਦਾਵਾ ਲਿਖਣ ਵਾਲੇ ਇਨ੍ਹਾਂ 40 ਸਿੰਘਾਂ ਦਾ ਆਗੂ ਸੀ ਜਥੇਦਾਰ ਮਹਾਂ ਸਿੰਘ।

ਭਾਈ ਮਹਾਂ ਸਿੰਘ ਜੀ ਦੇ ਜੀਵਨ-ਸਮਾਚਾਰ ਕਿਸੇ ਵੀ ਭਰੋਸੇਯੋਗ ਸ੍ਰੋਤ ਤੋਂ ਪ੍ਰਾਪਤ ਨਹੀਂ ਹੁੰਦੇ। ਇਤਨਾ ਜ਼ਰੂਰ ਪਤਾ ਚੱਲਦਾ ਹੈ ਕਿ ਆਪ ਜੀ ਮਾਝੇ ਦੇ ਪ੍ਰਸਿੱਧ ਨਗਰ ਸ੍ਰੀ ਅੰਮ੍ਰਿਤਸਰ ਦੇ ਪਿੰਡ ਰਟੌਲ ਦੇ ਰਹਿਣ ਵਾਲੇ ਸਨ। ਇਸ ਪਿੰਡ ਵਿਚ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਉਨ੍ਹਾਂ ਦੀ ਯਾਦ ਮਨਾਈ ਜਾਂਦੀ ਹੈ। ਇਹ ਵੀ ਪਤਾ ਚੱਲਦਾ ਹੈ ਕਿ ਜਿਸ ਸਮੇਂ ਜਥੇਦਾਰ ਮਹਾਂ ਸਿੰਘ ਸਮੇਤ 40 ਸਿੰਘ ਗੁਰੂ ਸਾਹਿਬ ਨੂੰ ਬੇਦਾਵਾ ਦੇਣ ਉਪਰੰਤ ਆਪੋ ਆਪਣੇ ਘਰਾਂ ਵਿਚ ਪੁੱਜੇ ਤਾਂ ਇਨ੍ਹਾਂ ਦੀਆਂ ਬੀਬੀਆਂ, ਬੇਟੀਆਂ ਤੇ ਬਜ਼ੁਰਗਾਂ ਨੇ ਇਨ੍ਹਾਂ ਦੀ ਘਰ ਵਾਪਸੀ 'ਤੇ ਖੁਸ਼ੀ ਪ੍ਰਗਟਾਉਣ ਦੀ ਥਾਂ ਇਨ੍ਹਾਂ ਨੂੰ ਚੂੜੀਆਂ ਪੇਸ਼ ਕਰਦਿਆਂ ਫਿਟਕਾਰ ਪਾਈ। ਇਨ੍ਹਾਂ ਸਾਰੇ ਸਿੰਘਾਂ ਦਾ ਘਰਾਂ ਵਿਚ ਜ਼ਿਲ੍ਹਤ ਭਰਿਆ ਜੀਵਨ ਬੀਤਣ ਲੱਗਾ, ਜਿਸ ਕਰਕੇ ਇਹ ਬਹੁਤ ਮਾਯੂਸ ਤੇ ਨਿਰਾਸ਼ ਹੋਏ। ਇਨ੍ਹਾਂ ਸਿੰਘਾਂ ਵਿਚ ਮਾਈ ਭਾਗੋ ਦਾ ਪਤੀ, ਦੋ ਭਰਾ ਅਤੇ ਝਬਾਲ ਦੇ ਹੀ ਦੋ ਸਰਦਾਰ ਘਰਬਾਰਾ ਸਿੰਘ ਤੇ ਝੰਡਾ ਸਿੰਘ ਸ਼ਾਮਿਲ ਸਨ। ਇਨ੍ਹਾਂ ਸਿੰਘਾਂ ਦੇ ਕਿਲ੍ਹਾ ਛੱਡਣ ਤੋਂ ਲਗਭਗ ਇਕ ਮਹੀਨੇ ਬਾਅਦ 20-12-1704 ਨੂੰ ਦਸਮ ਪਿਤਾ ਨੇ ਕਿਲ੍ਹਾ ਅਨੰਦਪੁਰ ਖਾਲੀ ਕਰ ਦਿੱਤਾ। ਕਿਲ੍ਹਾ ਛੱਡਦਿਆਂ ਹੀ ਮੁਗ਼ਲ ਸੈਨਾ ਨੇ ਕੀਤੇ ਸਾਰੇ ਕੌਲ, ਇਕਰਾਰ, ਕਸਮਾਂ ਨੂੰ ਛਿੱਕੇ 'ਤੇ ਟੰਗਦਿਆਂ ਗੁਰੂ-ਪਰਿਵਾਰ ਅਤੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ। ਸਿੰਘਾਂ ਨੂੰ ਆਸ ਨਹੀਂ ਸੀ। ਉਧਰ ਸਰਸਾ ਨਦੀ ਦਾ ਪਾਣੀ ਵੀ ਉਛਾਲਾਂ ਮਾਰ ਰਿਹਾ ਸੀ ਅਤੇ ਕਾਲੀ ਬੋਲੀ ਠੰਡੀ ਰਾਤ ਨੂੰ ਕੁਝ ਸੁੱਝਦਾ ਵੀ ਨਹੀਂ ਸੀ। ਕੁਝ ਸਿੰਘ ਨਦੀ ਦੇ ਪਾਣੀ ਵਿਚ ਰੁੜ੍ਹ ਗਏ, ਕੁਝ ਸ਼ਹੀਦ ਹੋ ਗਏ, ਕੁਝ ਗੁਰੂ ਪਰਿਵਾਰ ਨਾਲ ਸੁਰੱਖਿਆ ਦਲ ਵਜੋਂ ਰਲ ਗਏ। ਚਮਕੌਰ ਦੀ ਗੜ੍ਹੀ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਸਿੰਘ ਤਾਂ ਸ਼ਹੀਦ ਹੋ ਗਏ ਪਰ ਦਸਮ ਗੁਰੂ ਜੀ ਵੈਰੀ ਦਲ ਦੇ ਅੱਖਾਂ ਵਿਚ ਘੱਟਾ ਪਾ ਕੇ ਮਾਛੀਵਾੜੇ ਪੁੱਜ ਗਏ। ਇਥੋਂ ਉਹ ਕੁਝ ਸਿੰਘਾਂ ਨਾਲ ਪਿੰਡ ਲਾਲੀ, ਰਾਮਪੁਰ, ਆਲਮਗੀਰ, ਜੋਧਾਂ ਮੋਹੀ, ਜਟਪੁਰਾ, ਤਖਤੂਪੁਰਾ ਆਦਿ ਤੋਂ ਹੁੰਦੇ ਹੋਏ ਦੀਨੇ ਪਿੰਡ ਆ ਪੁੱਜੇ। ਇਥੇ ਹੀ ਉਨ੍ਹਾਂ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਫ਼ਾਰਸੀ ਵਿਚ ਇਤਿਹਾਸਕ-ਪੱਤਰ ਲਿਖਿਆ ਜੋ ਜ਼ਫ਼ਰਨਾਮਾ ਕਰਕੇ ਪ੍ਰਸਿੱਧ ਹੈ। ਦੀਨੇ ਤੋਂ ਚੱਲ ਕੇ ਦਸਮ-ਗੁਰੂ ਜੀ, ਬੁਰਜਮਾਨਾ, ਭਦੌੜ, ਜੈਤੋ, ਢਿਲਵਾਂ, ਕੋਟਕਪੂਰਾ ਆਦਿ ਸਥਾਨਾਂ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ ਪੁੱਜ ਗਏ।

ਇਸ ਸਮੇਂ ਦਸਮ ਗੁਰੂ ਜੀ ਨਾਲ ਸਿੰਘਾਂ ਦੀ ਹਥਿਆਰਬੰਦ ਸੈਨਾ ਆ ਜੁੜੀ ਸੀ। ਗੁਰੂ ਜੀ ਨੂੰ ਇਤਲਾਹ ਮਿਲ ਗਈ ਸੀ ਕਿ ਸੂਬਾ ਸਰਹੰਦ ਦੀਆਂ ਫੌਜਾਂ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰਦੀਆਂ ਆ ਰਹੀਆਂ ਹਨ, ਇਸ ਲਈ ਉਨ੍ਹਾਂ ਨੇ ਖਿਦਰਾਣੇ ਦੀ ਇਸ ਢਾਬ ਨੇੜੇ ਹੀ ਵੈਰੀ ਦਲ ਨਾਲ ਟਾਕਰਾ ਕਰਨ ਦਾ ਨਿਰਣਾ ਲੈ ਲਿਆ। ਗੁਰੂ ਜੀ ਨੇ ਅਜਿਹੀ ਫੌਜੀ-ਨੀਤੀ ਬਣਾਈ ਅਤੇ ਆਪਣੀ ਸਿੰਘ ਸੈਨਾ ਨੂੰ ਇਸ ਤਰ੍ਹਾਂ ਤਾਇਨਾਤ ਕੀਤਾ ਕਿ ਉਹ ਤਾਂ ਦੁਸ਼ਮਣ ਸੈਨਾ ਨੂੰ ਚੰਗੀ ਤਰ੍ਹਾਂ ਵੇਖ ਸਕਣ ਪਰ ਵੈਰੀ ਸੈਨਾ ਦੀ ਨਜ਼ਰ ਉਨ੍ਹਾਂ ਤੱਕ ਨਾ ਪੁੱਜ ਸਕੇ। ਇਸ ਦੇ ਨਾਲ ਹੀ ਉਹ ਖਿਦਰਾਣੇ ਦੀ ਢਾਬ ਨੂੰ ਵੀ ਵੈਰੀ ਦਲ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਣਾ ਚਾਹੁੰਦੇ ਸਨ ਕਿਉਂਕਿ ਇਸ ਢਾਬ ਵਿਚਲੇ ਪਾਣੀ ਤੋਂ ਬਿਨ੍ਹਾਂ ਨੇੜੇ-ਤੇੜੇ ਪਾਣੀ ਦਾ ਹੋਰ ਕੋਈ ਵੀ ਸਾਧਨ ਨਹੀਂ ਸੀ। ਬਰਸਾਤਾਂ ਦਾ ਸਾਰਾ ਪਾਣੀ ਇਸੇ ਢਾਬ ਵਿਚ ਇਕੱਠਾ ਹੁੰਦਾ ਸੀ। ਪਾਣੀ ਦੀ ਇਹ ਢਾਬ ਕਈ ਮੀਲਾਂ ਤੱਕ ਸੰਘਣੀਆਂ ਕੰਡਿਆਲੀਆਂ ਝਾੜੀਆਂ ਨਾਲ ਘਿਰੀ ਹੋਈ ਸੀ ਜਿਸ ਕਰਕੇ ਇਹ ਢਾਬ ਛੇਤੀ ਕੀਤੇ ਦੂਰੋਂ ਨਜ਼ਰ ਨਹੀਂ ਸੀ ਆਉਂਦੀ। ਖਿਦਰਾਣੇ ਦੀ ਇਸ ਢਾਬ 'ਤੇ ਗੁਰੂ ਸੈਨਾ ਤੇ ਮੁਗ਼ਲਾਂ ਵਿਚਕਾਰ ਗਹਿਗੱਚ ਖ਼ੂਨੀ ਲੜਾਈ ਹੋਈ। ਇਸ ਵਾਰ ਪਹਾੜੀ ਰਾਜਿਆਂ ਦੀ ਹਿੰਦੂ-ਸੈਨਾ ਮੁਗ਼ਲਾਂ ਦੇ ਨਾਲ ਨਹੀਂ ਸੀ।


ਉਧਰ ਜਦ ਮਾਈ ਭਾਗੋ, ਜਥੇਦਾਰ ਮਹਾਂ ਸਿੰਘ ਅਤੇ ਉਸ ਦੇ ਬੇਦਾਵਾ ਦੇਣ ਵਾਲੇ ਸਾਥੀਆਂ ਨੂੰ ਇਹ ਪਤਾ ਲੱਗਾ ਕਿ ਦਸਮ ਗੁਰੂ ਜੀ ਖਿਦਰਾਣੇ ਦੀ ਢਾਬ ਪੁੱਜ ਗਏ ਹਨ ਅਤੇ ਵੈਰੀ ਦਲ ਉਨ੍ਹਾਂ 'ਤੇ ਚੜ੍ਹਾਈ ਕਰਦਾ ਆ ਰਿਹਾ ਹੈ ਤਾਂ ਇਸ ਸਮੇਂ ਮਾਈ ਭਾਗੋ ਨੇ ਹੱਥ ਵਿਚ ਕੇਸਰੀ ਨਿਸ਼ਾਨ ਸਾਹਿਬ ਫੜ ਕੇ ਸਿੰਘਾਂ ਨੂੰ ਲਲਕਾਰ ਪਾਈ ਕਿ ਉਹ ਇਸ ਸਮੇਂ ਗੁਰੂ ਸਾਹਿਬ ਦੀ ਮੱਦਦ ਲਈ ਇਕੱਠੇ ਹੋ ਜਾਣ। ਮਾਈ ਭਾਗੋ ਅਤੇ ਜਥੇਦਾਰ ਮਹਾਂ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਸਿੰਘ ਖਿਦਰਾਣੇ ਦੀ ਢਾਬ ਜਾ ਪੁੱਜੇ। ਇਨ੍ਹਾਂ ਸਾਰੇ ਸਿੰਘਾਂ ਨੇ ਵੈਰੀ ਦਲ ਤੇ ਪਿੱਛੋਂ ਦੀ ਅਜਿਹਾ ਹਮਲਾ ਕੀਤਾ ਕਿ ਉਹ ਭੁਚੱਕੇ ਹੀ ਰਹਿ ਗਏ। ਵੈਰੀ ਦਲ ਨੂੰ ਪੀਣ ਲਈ ਪਾਣੀ ਦੀ ਇਕ ਬੂੰਦ ਵੀ ਨਜ਼ਰ ਨਹੀਂ ਸੀ ਆ ਰਹੀ। ਸੈਨਾਪਤੀ ਵਜ਼ੀਰ ਖਾਨ, ਕੋਟਕਪੂਰੇ ਤੋਂ ਚੌਧਰੀ ਕਪੂਰੇ ਨੂੰ ਨਾਲ ਲੈ ਕੇ ਆਇਆ ਸੀ। ਵਜ਼ੀਰ ਖਾਨ ਦੇ ਪੁੱਛਣ ਤੇ ਜਦੋਂ ਕਪੂਰੇ ਨੇ ਇਹ ਦੱਸਿਆ ਕਿ ਲੜਾਈ ਦੇ ਮੈਦਾਨ ਤੋਂ ਪਾਣੀ 15 ਮੀਲ ਦੀ ਦੂਰੀ 'ਤੇ ਹੀ ਮਿਲ ਸਕਣਾ ਸੰਭਲ ਹੈ ਤਾਂ ਸੂਬਾ ਸਰਹੰਦ ਦੀਆਂ ਫੌਜਾਂ ਨੇ ਸਿਰ 'ਤੇ ਪੈਰ ਰੱਖ ਨੱਸਣ ਵਿਚ ਹੀ ਭਲਾਈ ਸਮਝੀ। ਮਾਈ ਭਾਗੋ ਤੇ ਜਥੇਦਾਰ ਮਹਾਂ ਸਿੰਘ ਦੀ ਜਥੇਦਾਰੀ ਹੇਠ ਆਏ ਸਿੰਘਾਂ ਨੇ ਵੈਰੀ ਦਲ ਦੇ ਖੂਬ ਆਹੂ ਲਾਹੇ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਮੁਗ਼ਲ ਸੈਨਾ ਦੇ ਭੱਜਣ ਉਪਰੰਤ ਦਸਮੇਸ਼ ਗੁਰੂ ਜੀ ਉਸ ਸਥਾਨ (ਟਿੱਬੀ ਸਾਹਿਬ) ਤੋਂ ਉਤਰ ਕੇ ਕੁਝ ਸਿੰਘਾਂ ਸਮੇਤ ਪੂਰਬ ਵੱਲ ਨੂੰ ਉਸ ਪਾਸੇ ਵੱਲ ਚੱਲ ਪਏ ਜਿਥੇ ਅਗਾਂਹ ਵਧਦੀ ਆ ਰਹੀ ਵੈਰੀ ਸੈਨਾ ਨੂੰ ਟੱਲ੍ਹ ਪਾਉਣ ਲਈ ਸਿੰਘਾਂ ਨੇ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਇਕ ਸਿੰਘ ਨੇ ਦਸਮ ਗੁਰੂ ਜੀ ਨੂੰ ਆ ਕੇ ਦੱਸਿਆ ਕਿ ਇਕ ਬੀਬੀ ਸਖ਼ਤ ਜ਼ਖ਼ਮੀ ਹਾਲਤ ਵਿਚ ਸ਼ਹੀਦ ਸਿੰਘਾਂ ਵਿਚਕਾਰ ਬੇਸੁਰਤ ਪਈ ਹੈ। ਦਸਮ ਗੁਰੂ ਜੀ ਨੇ ਤੁਰੰਤ ਉਸ ਨੂੰ ਡੇਰੇ ਪਹੁੰਚਾ ਕੇ ਇਲਾਜ ਕਰਵਾਇਆ। ਇਹ ਬੀਬੀ ਮਾਈ ਭਾਗੋ ਜੀ ਸੀ।

ਜਥੇਦਾਰ ਮਹਾਂ ਸਿੰਘ ਦੇ ਸਾਥੀ ਸ਼ਹੀਦ ਹੋ ਚੁੱਕੇ ਸਨ ਅਤੇ ਉਹ ਵੀ ਆਖਰੀ ਸਾਹ ਗਿਣ ਰਿਹਾ ਸੀ। ਇਸ ਸਮੇਂ ਦਸਮ ਪਿਤਾ ਸ਼ਹੀਦ ਸਿੰਘਾਂ ਦੇ ਸਰੀਰ ਉਠਵਾ ਕੇ ਸਸਕਾਰ ਵਾਲੀ ਜਗ੍ਹਾ ਪਹੁੰਚਾ ਰਹੇ ਸਨ ਅਤੇ ਜ਼ਖ਼ਮੀ ਸਿੰਘਾਂ ਨੂੰ ਡੇਰੇ ਵਿਚ ਜ਼ੇਰ-ਏ-ਇਲਾਜ ਭੇਜ ਰਹੇ ਸਨ। ਦਸਮ ਪਿਤਾ ਜਦੋਂ

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

ਜਥੇਦਾਰ ਮਹਾਂ ਸਿੰਘ ਦੇ ਨਜ਼ਦੀਕ ਪੁੱਜੇ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਬੇਹੋਸ਼ੀ ਦੀ ਹਾਲਤ ਸਾਹ ਲੈਂਦਿਆਂ ਵੇਖਿਆ। ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਸੀਸ ਗੋਦ ਵਿਚ ਲੈਂਦਿਆਂ ਆਪਣੇ ਕਮਰਕੱਸੇ ਨਾਲ ਉਸ਼ ਦਾ ਮੂੰਹ ਸਾਫ਼ ਕੀਤਾ ਅਤੇ ਜਲ ਦੇ ਛੱਟੇ ਮਾਰੇ। ਹੋਸ਼ ਆਉਂਦਿਆਂ ਹੀ ਜ. ਮਹਾਂ ਸਿੰਘ ਨੇ ਦੋਵੇਂ ਹੱਥ ਜੋੜ ਦਿੱਤੇ। ਦਸਮ ਪਿਤਾ ਨੇ ਕਿਹਾ ਕਿ ਭਾਈ ਮਹਾਂ ਸਿੰਘ! ਮੰਗ ਜੋ ਤੇਰੀ ਇੱਛਾ ਹੈ। ਕਹੇਂ ਤਾਂ ਤ੍ਰਿਲੋਕੀ ਦਾ ਰਾਜ ਭਾਗ ਦੇ ਦਿਆਂ, ਕਹੇਂ ਤਾਂ ਜੀਵਨ-ਦਾਨ ਦੇ ਦਿਆਂ, ਕਹੇਂ ਤਾਂ ਧਨ, ਮਾਲ ਨਾਲ ਘਰ ਭਰਪੂਰ ਕਰ ਦਿਆਂ। ਪਰ ਭਾਈ ਮਹਾਂ ਸਿੰਘ ਨੇ ਸੇਜਲ ਅੱਖਾਂ ਨਾਲ ਭਾਵੁਕ ਹੋ ਕੇ ਇਕੋ ਬੇਨਤੀ ਕੀਤੀ ਕਿ ਮਹਾਰਾਜ, ਜੇਕਰ ਤਰੁੱਠੇ ਹੋ ਤਾਂ ਮੇਰੀ ਤੇ ਮੇਰੇ ਸਾਥੀਆਂ ਦੀ ਭੁੱਲ ਬਖਸ਼ਦਿਆਂ ਆਪਣੇ ਚਰਨੀਂ ਲਾ ਲਵੋ ਅਤੇ ਟੁੱਟੀ ਗੰਢ ਦੇਵੋ। ਗੁਰੂ ਜੀ ਨੇ ਭਾਈ ਮਹਾਂ ਸਿੰਘ ਵੱਲ ਕਿਰਪਾ-ਦ੍ਰਿਸ਼ਟੀ ਨਾਲ ਵੇਖਦਿਆਂ ਆਪਣੇ ਕਮਰਕੱਸੇ ਵਿੱਚੋਂ ਬੇਦਾਵੇ ਵਾਲਾ ਕਾਗ਼ਜ਼ ਕੱਢਦਿਆਂ ਭਾਈ ਮਹਾਂ ਸਿੰਘ ਦੇ



ਸਨਮੁਖ ਲੀਰੋ-ਲੀਰ ਕਰਕੇ ਟੁੱਟੀ ਗੰਢ ਦਿੱਤੀ। ਕੁਝ ਪਲਾਂ ਵਿਚ ਮੁਸਕਰਾਹਟ ਭਾਈ ਮਹਾਂ ਸਿੰਘ ਦੇ ਚਿਹਰੇ ਉਤੇ ਝਲਕੀ ਅਤੇ ਉਹ ਸ਼ਹੀਦੀ ਪਾ ਗਿਆ। ਦਸਮ ਪਿਤਾ ਨੇ ਭਾਈ ਮਹਾਂ ਸਿੰਘ ਸਮੇਤ ਸ਼ਹੀਦ ਹੋਣ ਵਾਲੇ 40 ਸਿੰਘਾਂ ਨੂੰ 'ਮੁਕਤਿਆਂ' ਦਾ ਵਰਦਾਨ ਦਿੱਤਾ। ਇਸ ਤਰ੍ਹਾਂ ਖਿਦਰਾਣੇ ਦੀ ਢਾਬ ਦਾ ਨਾਮ ਮੁਕਤਸਰ ਪੈ ਗਿਆ। ਮਹਾਂ ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸੂਰਜ ਪ੍ਰਕਾਸ਼' ਦੇ ਐਨ.2 ਅੰਸੂ 12 ਵਿਚ ਹੇਠ ਲਿਖੇ ਅਨੁਸਾਰ ਅੰਕਤ ਕੀਤਾ ਹੈ -

**ਪਰਉਪਕਾਰ ਮਹਾਤਮ ਮਹਾਂ। ਸੁਨਯੋ ਸੰਤ ਜਨ ਤੇ ਜਹਿਂ ਕਹਾਂ॥੨੪॥**
**ਇਕ ਪਰ ਕਰੇ ਅਧਿਕ ਕੱਲਯਾਨ। ਬਨਹਿ ਦੇਸ਼ ਪਰ ਫਲਹਿ ਮਹਾਨ।**
**ਲਾਖਹੁਂ ਸਿਖ ਗੁਰ ਕੇ ਹੋਇ। ਭੋਗਹਿ ਰਾਜ ਧਰਾ ਪਰ ਸੋਇ॥੨੫॥**
**ਮਦ੍ਰ ਦੇਸ ਦੀ ਸੰਗਤਿ ਹੁੱਟੀ। ਪ੍ਰਭੁ ਜੀ ਰਾਵਰ ਕੇ ਸੰਗ ਟੁੱਟੀ॥੨੭॥**
**ਬਰ ਦੇਬੋ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।**
**ਪ੍ਰਭੁ ਬੋਲੇ ਟੂਟੀ ਸੋ ਨਿਖੁੱਟੀ। ਕਯੋਂ ਮੇਲਹੁ ਤਿਹ ਜੋ ਡਰਿ ਹੁੱਟੀ।**
**ਅਪਨੇ ਹਿਤ ਜਾਚਹੁ ਕੁਝ ਔਰੀ। ਦਿਉਂ ਤਤਕਾਲ ਖੁਸ਼ੀ ਲਖਿ ਮੋਰੀ॥੨੯॥**
**ਜੋ ਮੁਝ ਕੋ ਦੈਬੋ ਬਰ ਚਹੋ। ਟੂਟੀ ਮੇਲ ਲੇਹੁਂ ਬਚ ਕਹੋ॥੩੧॥**
**ਇਸ ਬਿਨ ਇਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰਮੌਰ।**
**ਵਾਹੁ ਖਾਲਸਾ ਸਿਖ ਮਮ ਧੰਨ। ਪਰਉਪਕਾਰਿ ਮਹਾਂ ਮਨ ਮੰਨ।**
**ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿਂ ਦਏ॥੩੩॥**
**ਪ੍ਰਭੁ ਜੀ! ਕਾਗਦ ਲੇਹੁ ਨਿਕਾਰਾ। ਹਮਲਾ ਲਿਖਯੋ ਜੇਬ ਜੋ ਡਾਰਾ।**
**ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ॥੩੪॥**
**ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ॥**
**ਲਿਹੁ ਬਿਲੋਕਿ ਪਾੜਹਿਂ ਦਿਖਰਾਇ।**
**ਇਮ ਕਹਿ ਚੀਰਯੋ ਬੀਚ ਬਨਾਇ॥੩੫॥**
**ਜਾਹੁ ਮਹਾਂ ਸਿੰਘ ਜਹਿਂ ਮਮ ਲੋਕ।**
**ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।**
**ਦੇ ਕਰਿ ਪ੍ਰਾਨ ਕੀਨ ਉਪਕਾਰ।**
**ਤਿਸ ਕਉ ਫਲ ਤੁਹਿ ਭਯੋ ਅਪਾਰ॥੩੭॥**

ਉਧਰ ਮਾਈ ਭਾਗੋ ਸਿਹਤ ਖਰਾਬ ਹੋਣ ਉਪਰੰਤ ਗੁਰੂ ਸਾਹਿਬ ਦੇ ਨਾਲ ਹੀ ਸ੍ਰੀ ਹਜ਼ੂਰ ਸਾਹਿਬ ਤੱਕ ਗਈ। ਬੀਬੀ ਜੀ ਦੀ ਔਲਾਦ ਕੋਈ ਹੈ ਨਹੀਂ ਸੀ ਅਤੇ ਪਤੀ ਸ. ਨਿਧਾਨ ਸਿੰਘ ਅਤੇ ਦੋਵੇਂ ਭਰਾ ਜ. ਮਹਾਂ ਸਿੰਘ ਦੇ ਨਾਲ ਹੀ ਸ਼ਹੀਦ ਹੋ ਗਏ ਸਨ। ਬੀਬੀ ਜੀ ਵੀ ਦਸਮ ਪਿਤਾ ਦੇ ਅਕਾਲ ਚਲਾਣੇ ਉਪਰੰਤ ਬਿਦਰ ਤੋਂ 10 ਕਿਲੋਮੀਟਰ ਦੂਰ ਪਿੰਡ ਜਨਵਾੜੇ ਜਾ ਟਿਕੇ ਅਤੇ ਇਥੇ ਹੀ ਉਨ੍ਹਾਂ ਜੀਵਨ ਦੇ ਅੰਤਮ ਸੁਆਸ ਲਏ।

ਮਾਤਾ ਭਾਗੋ ਤੇ ਜਥੇਦਾਰ ਮਹਾਂ ਸਿੰਘ ਦੀਆਂ ਪਰਉਪਕਾਰੀ ਆਤਮਾਵਾਂ ਸਦਕਾ ਜਿਥੇ ਬੇਦਾਵਾ ਦੇਣ ਵਾਲੇ 40 ਸਿੰਘਾਂ ਨੂੰ ਗੁਰੂ ਚਰਨਾਂ ਵਿਚ ਮੁੜ ਜੁੜਨ ਦਾ ਅਵਸਰ ਮਿਲਿਆ ਉਥੇ ਸਿੱਖ ਇਤਿਹਾਸ ਵਿਚ ਇਹ ਸਿਧਾਂਤ ਸੁਦ੍ਰਿੜ੍ਹ ਹੋਇਆ ਕਿ :


**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

ਇਹ ਦੋਵੇਂ ਪਰਉਪਕਾਰੀ ਆਤਮਾਵਾਂ ਚਾਹੁੰਦੀਆਂ ਤਾਂ ਨਿਜਸੁਖ ਲਈ ਗੁਰੂ ਸਾਹਿਬ ਪਾਸੋਂ ਪਦਾਰਥਕ ਸੁਖ ਪ੍ਰਾਪਤ ਕਰ ਸਕਦੀਆਂ ਸਨ। ਪਰ ਇਨ੍ਹਾਂ ਨੇ ਨਿੱਜ-ਸੁਖ ਨਾਲੋਂ ਪਰ-ਸੁਖ ਨੂੰ ਪਹਿਲ ਦਿੱਤੀ। ਇਸ ਭਾਵਨਾ ਨੂੰ ਅੱਜ ਹਰ ਸਿੱਖ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਲੋੜ ਹੈ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ

# ਸ਼ਹੀਦ ਬਾਬਾ ਦੀਪ ਸਿੰਘ ਜੀ

ਡਾ. ਕੁਲਦੀਪ ਸਿੰਘ ਹਉਰਾ



ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡੇਰਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ! ਸਿੱਖ ਸ਼ਹੀਦ ਦੀ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ 'ਸ਼ਹੀਦੀ' ਨੂੰ ਸਦਾ ਯਾਦ ਰੱਖਦੇ ਰਹੇ ਹਨ ਤੇ ਵਕਤ ਪੈਣ 'ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਨ ਇਹ ਹੈ ਕਿ ਉਨ੍ਹਾਂ ਕਦੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ 'ਤੇ ਸਦਾ 'ਉਸਦਾ' ਨਾਮ ਤੇ ਦਿਲ ਵਿਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ ਗੁਰੂ ਕਲਗੀਧਰ ਜੀ ਦੇ ਕਥਨ 'ਜਬ ਆਵ ਕੀ ਆਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ।' ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਨ੍ਹਾਂ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਕੌਮ ਨਾਲੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਸਮਝੀਆਂ।

ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਹੂਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤਾਂ ਜੀ ਦੇ ਘਰ ਮਾਤਾ ਜਿਉਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ ਗਏ ਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਬਚਪਨ ਤੋਂ ਜਵਾਨੀ ਤਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਕਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੁਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ! ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਦਿਲੀ ਆ ਗਏ। ਜਦੋਂ ਹਾਲਾਤ ਕੁਝ ਸਾਜ਼ਗਾਰ ਹੋਏ ਤਾਂ ਆਪ ਗੁਰੂ-ਮਹਿਲਾਂ ਨਾਲ ਮੁੜ ਪੰਜਾਬ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਬੜੇ ਨੇਮੀ-ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾਂ ਆਪ ਨੇ ਬਾਬਾ ਦੀਪ ਸਿੰਘ ਨੂੰ ਉਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ। ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ-ਮਹਿਲਾਂ ਪਾਸ ਛੱਡ ਗਏ।


ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਜੀ ਵੀ ਆਪ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਸਰਹੰਦ, ਸਢੌਰਾ ਆਦਿ ਥਾਵਾਂ 'ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਹੇ। ਇਸ 'ਤੇ ਆਪ ਸਿੱਖ ਫੌਜਾਂ ਵਿਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਉਤਾਰੇ ਕੀਤੇ। ਉਪਰੰਤ ਫੇਰ ਆਪ ਗੁਰਮਤਿ ਪ੍ਰਚਾਰ ਵਿਚ ਜੁਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸ ਦੇ ਸਾਹਮਣੇ ਟਿਕੇ ਜੋ ਉਸ ਨਾਲ ਦੋ-ਦੋ ਹੱਥ ਕਰਦੇ ਰਹੇ। ਅਬਦਾਲੀ ਨੂੰ ਪਤਾ ਲਗ ਚੁੱਕਾ ਸੀ ਕਿ ਜਦ ਤਕ ਸਿੱਖ ਉਸ ਦੇ ਰਾਹ ਵਿਚੋਂ ਨਹੀਂ ਹਟਦੇ, ਉਸ ਦਾ ਹਿੰਦੁਸਤਾਨ 'ਤੇ ਕਬਜ਼ਾ ਕਰਨ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਇਸ ਪਰਮ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਨ੍ਹਾਂ ਦੇ ਡੌਲੇ ਫਰਕੇ ਅਤੇ ਉਨ੍ਹਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ-ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ-ਦਰ-ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਵੀ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ। ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹੀ ਰਲੇ ਜਿਸ ਨੂੰ ਸਿਰ



ਪਿਆਰਾ ਨਾ ਹੋਵੇ, ਗੁਰੂ ਪਿਆਰਾ ਹੋਵੇ! ਆਪ ਨੇ ਕਿਹਾ, "ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।" ਇਹ ਖੇਡ ਸੀ, 'ਸਿਰ ਤਲੀ 'ਤੇ ਰੱਖ ਕੇ ਲੜਨ ਦੀ।' ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ। ਸੋ ਉਨ੍ਹਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆਂ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਸਿਰ ਤਲੀ ਉਤੇ ਰੱਖਿਆ ਹੋਵੇ! ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਕੇ, ਉਨ੍ਹਾਂ ਸੂਰਬੀਰਾਂ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆ, ਜਿਨ੍ਹਾਂ ਨੇ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ! ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋਂ ਇਕ ਵੀ ਐਸਾ ਨਾ ਰਿਹਾ, ਜਿਸ ਖੁਸ਼ੀ-ਖੁਸ਼ੀ ਲਕੀਰ ਨਾ ਟੱਪੀ ਹੋਵੇ।

ਇਨ੍ਹਾਂ ਸੂਰਬੀਰਾਂ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋਂ ਚਾਲੀ ਹਜ਼ਾਰ ਗਿਲਜੇ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ



ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸ਼ੰਸ਼ਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉਤੇ ਇਕ ਤਕੜਾ ਤੇ ਮਾਰੂ ਜ਼ਖ਼ਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿਚ ਪਾ ਰਹੇ ਸਨ। ਇਹ ਸਿਰ ਤਲੀ 'ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ ਅੰਮ੍ਰਿਤਸਰ ਵਿਖੇ ਪੁੱਜਣ ਵਿਚ ਸਫਲ ਹੋ ਗਏ। ਜਿਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਇਹ ਸਾਕਾ ੧੭੬੨ ਈਸਵੀ ਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ"**

ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਐਸਾ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਜੰਬੂਰਾਂ ਨਾਲ ਖੱਲਾਂ ਲੱਥੀਆਂ, ਚਰਖੜੀਆਂ ਉਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉੱਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ।


ਗੁਰੂ ਗੋਬਿੰਦ ਸਿੰਘ ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸ਼ੰਸ਼ਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ

**"ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ"**

ਸੱਚ ਕਰ ਵਿਖਾਇਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲੀਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦਾ ਖਿਆਲ ਰੱਖਦਿਆਂ ਹੋਇਆਂ ਸ਼ਾਸ਼ਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ। ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਵਿਹਲੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਸਨ। ਆਪ ਨੇ ਇਕ ਟਕਸਾਲੀ ਸਿੰਘ ਵਾਂਗ **"ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ"** ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ।

ਕਿਸ਼ਤ-12

# ਗੁਰ ਸਾਗਰ ਦੇ ਸੁੱਚੇ ਮੋਤੀ



ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ ’ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ ’ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

## ਸਿਆਸੀ ਜੀਵਨ

1937 ਵਿੱਚ ਅੰਗਰੇਜ਼ ਸਰਕਾਰ ਨੇ ਸੂਬਿਆਂ ਵਿੱਚ ਅਤੇ ਕੇਂਦਰ ਵਿੱਚ ਹਿੰਦੋਸਤਾਨੀਆਂ ਨੂੰ ਚੋਣ ਕਰਕੇ ਆਪਣੇ ਨੁਮਾਇੰਦੇ ਭੇਜਣ ਦਾ ਐਲਾਨ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਅਕਾਲੀ ਲਹਿਰ ਵਿੱਚ ਅਤੇ ਹੋਰ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਨੇ ਗੁਜਰਾਤ ਅਤੇ ਸਰਗੋਧੇ ਦੇ ਦੋਵੇਂ ਜ਼ਿਲ੍ਹਿਆਂ ਦੇ ਸਾਂਝੇ ਚੋਣ ਹਲਕੇ ਵਿੱਚੋਂ ਪੰਜਾਬ ਅਸੈਂਬਲੀ ਲਈ ਆਪ ਜੀ ਨੂੰ ਟਿਕਟ ਦਿੱਤਾ। ਆਪ ਜੀ ਦੇ ਮੁਕਾਬਲੇ ਤੇ ਡਾਕਟਰ ਹਰਬੰਸ ਸਿੰਘ ਜੀ ਸਨ, ਜੋ ਬੜੇ ਅਮੀਰ ਆਦਮੀ ਸਨ। ਸਤਿਗੁਰ ਕਿਰਪਾ ਕੀਤੀ, ਆਪ ਜੀ ਨੇ ਉਨ੍ਹਾਂ ਨਾਲੋਂ ਕਾਫ਼ੀ ਵੱਧ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਅਤੇ ਸਤਿਗੁਰੂ ਜੀ ਦਾ ਕੋਟਨ-ਕੋਟ ਧੰਨਵਾਦ ਕੀਤਾ। ਕਈ ਵਿਰੋਧੀਆਂ ਨੇ, ਜਿਸ ਤਰ੍ਹਾਂ ਕਿ ਆਮ ਚੋਣਾਂ ਵਿੱਚ ਹੁੰਦਾ ਹੈ, ਵਿਰੋਧਤਾ ਭੀ ਕੀਤੀ ਪਰ ਆਪ ਜੀ ਨੇ ਇਨ੍ਹਾਂ ਦੀ ਵਿਰੋਧਤਾ ਦੀ ਕੋਈ ਪ੍ਰਵਾਹ ਨਾ ਕੀਤੀ। ਅਤੇ ਇਤਨੀ ਦੌੜ ਭੱਜ ਦੇ ਬਾਵਜੂਦ ਆਪਣੇ ਰੋਜ਼ ਦੇ ਨਿਤਨੇਮ ਵਿੱਚ ਫ਼ਰਕ ਨਹੀਂ ਆਉਣ ਦਿੱਤਾ। ਉਸੇ ਤਰ੍ਹਾਂ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਆਦਿ ਕਿਰਿਆ ਸਾਧ ਕੇ ਆਪ ਜੀ ਨੇ ਆਪਣੇ ਠੀਕ ਨਿਯਮ ਅਨੁਸਾਰ ਭਜਨ ਸਿਮਰਨ ਵਿੱਚ ਲੀਨ ਹੋਣਾ ਨਹੀਂ ਛੱਡਿਆ ਅਤੇ ਸਭ ਤੋਂ ਪਹਿਲਾਂ ਇਲੈਕਸ਼ਨ ਜਿੱਤ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਧੰਨਵਾਦ ਵੱਜੋਂ ਪੁੱਜੇ।

## ਸ੍ਰੀ ਅੰਮ੍ਰਿਤਸਰ ਸਾਹਿਬ ਧੰਨਵਾਦ ਵਜੋਂ ਪੁਜੇ ਨਿਰਮਲ ਭੇਖ ਵੱਲੋਂ ਪਾਰਟੀ

ਆਪ ਜੀ ਸ੍ਰੀ ਅੰਮ੍ਰਿਤਸਰ ਪਹੁੰਚੇ। ਸ੍ਰੀ ਗੁਰੂ ਰਾਮ ਦਾਸ ਜੀ ਦੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਦੀ ਦੇਗ ਭੇਟਾ ਕੀਤੀ, ਬੇਅੰਤ ਮਾਇਆ ਅਰਦਾਸ ਕਰਾਈ ਅਤੇ ਉਸ ਸਤਿਗੁਰੂ ਜੀ ਦਾ ਕੋਟਨ-ਕੋਟ ਧੰਨਵਾਦ ਕੀਤਾ, ਜਿਨ੍ਹਾਂ ਆਪਣੇ ਸੇਵਕ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖ ਕੇ ਕਾਯਮਾਬੀ ਬਖ਼ਸ਼ੀ ਸੀ। ਨਿਰਮਲ ਭੇਖ ਨਾਲ ਆਪ ਜੀ ਦਾ ਸੰਪਰਦਾਈ ਸਬੰਧ ਸੀ। ਸਾਰੇ ਸੰਤਾਂ-ਮਹੰਤਾਂ ਨੂੰ ਬੜੀ ਖੁਸ਼ੀ ਹੋਈ। ਸਾਰੇ ਮਹਾਂ ਪੁਰਖਾਂ ਨੇ ਆਪ ਜੀ ਨੂੰ ਬੜੀ ਭਾਰੀ ਗਿਣਤੀ ਦੇ ਸਮਾਗਮ ਵਿੱਚ ਇੱਕ ਪਾਰਟੀ ਦਿੱਤੀ, ਅਤੇ ਮਾਣ-ਪੱਤਰ ਦਿੱਤਾ। ਇਸ ਸਮਾਗਮ ਦੇ ਮੋਢੀ ਮਹੰਤ ਮੂਲ ਸਿੰਘ ਜੀ, ਮਹੰਤ ਹਾਕਮ ਸਿੰਘ ਜੀ, ਗਿਆਨੀ ਅਮੀਰ ਸਿੰਘ ਜੀ, ਮਹੰਤ ਰਣ ਸਿੰਘ, ਜੀ ਮਹੰਤ ਹਰੀ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਕਰੀਟ ਆਦਿ ਸਭ ਨੇ ਬੜਾ ਉਤਸ਼ਾਹ ਕੀਤਾ, ਫੋਟੋ ਲਈ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਗਏ। ਮਾਸਟਰ ਤਾਰਾ ਸਿੰਘ ਜੀ ਆਦਿ ਜ਼ੁੰਮੇਵਾਰਾਂ ਨੇ ਵਧਾਈਆਂ ਦਿੱਤੀਆਂ ਅਤੇ ਸਾਰੇ ਹੀ ਬੜੇ ਖੁਸ਼ ਹੋਏ।

1939 ਵਿੱਚ ਲੜਾਈ ਲਗ ਗਈ। ਸੂਬਿਆਂ ਦੀਆਂ ਕਾਂਗਰਸੀ ਸਰਕਾਰਾਂ ਨੇ ਅਤਸੀਫੇ ਦੇ ਦਿੱਤੇ, ਪਰ ਪੰਜਾਬ ਦੀ ਯੂਨੀਅਨ ਸਦਕਾ ਵਜ਼ਾਰਤ ਟਿੱਕੀ ਰਹੀ ਅਤੇ ਨਵੀਂ ਚੋਣ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਮੈਂਬਰ ਰਹੇ।

## ਆਪ ਦੂਜੀ ਵੇਰ ਪੰਜਾਬ ਅਸੈਂਬਲੀ ਦੇ ਮੈਂਬਰ

ਲੜਾਈ ਖਤਮ ਹੋਣ ਪਿੱਛੋਂ 1945 ਵਿੱਚ ਫਿਰ ਚੋਣਾਂ ਸ਼ੁਰੂ ਹੋਈਆਂ। ਆਪ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਫਿਰ ਗੁਜਰਾਤ ਅਤੇ ਸਰਗੋਧੇ ਦੀ ਸੀਟ ਤੇ ਇਲੈਕਸ਼ਨ ਲੜਨ ਲਈ ਟਿਕਟ ਦਿੱਤੀ ਗਈ, ਪਰ ਆਪ ਜੀ ਦੀ ਟਿਕਟ ਦਾ ਬਹੁਤ ਲੇਟ ਫੈਸਲਾ ਹੋਇਆ। ਮੇਰਾ ਖਿਆਲ ਹੈ ਕਿ ਦਸ ਜਾਂ ਪੰਦਰਾਂ ਕੁ ਦਿਨ ਚੋਣ ਨੂੰ ਰਹਿੰਦੇ ਸਨ ਜਦੋਂ ਆਪ ਜੀ ਨੂੰ ਇਲੈਕਸ਼ਨ ਲੜਨ ਲਈ ਟਿਕਟ ਦਿੱਤੀ। ਦਾਸ ਨੂੰ ਅੰਮ੍ਰਿਤਸਰ ਤੋਂ ਮੰਗਵਾਇਆ, ਦਾਸ ਮੁਰਾਲੇ ਪੁੱਜਾ। ਗਿਆਨੀ ਹਰਚਰਨ ਸਿੰਘ ਜੀ ਭੀ ਪੁੱਜ ਗਏ। ਹੁਣ ਸੋਚਿਆ ਦਿਨ ਬੜੇ ਥੋੜ੍ਹੇ ਹਨ। ਮਹਾਂ ਪੁਰਖਾਂ ਨੂੰ ਕਿਹਾ ਕਿ ਤੁਸੀਂ ਤਹਿਸੀਲ ਗੁਜਰਾਤ ਤੇ ਖਾਰੀਆਂ ਵਿੱਚ ਰਹੋ ਤੇ ਆਪਣੇ ਸ਼ਰਧਾਲੂਆਂ ਨੂੰ ਬੁਲਾ ਕੇ ਹੁਕਮ ਕਰ ਦਿਉ ਕਿ ਉਹ ਜਥੇ ਬਣਾ ਕੇ ਪਿੰਡਾਂ ਵਿੱਚ ਫਿਰਨ। ਭਾਈ ਗੁਰਚਰਨ ਸਿੰਘ ਜੀ ਭੀ

ਅੰਮ੍ਰਿਤਸਰ ਤੋਂ ਪੁੱਜ ਗਏ ਸਨ। ਇਨ੍ਹਾਂ ਦੀ ਅਤੇ ਦਾਸ ਦੀ ਡਿਊਟੀ ਮੰਡੀ ਬਹਾਉਦੀਨ ਤਹਿਸੀਲ ਫਾਲੀਆ ਵਿੱਚ ਲਾ ਦਿੱਤੀ। ਸ੍. ਰਲਾ ਸਿੰਘ ਮੈਨੇਜਰ ਗੁਰਦੁਆਰਾ ਬਾਬਾ ਕੇਰ ਦੇ ਸਨ, ਇਨ੍ਹਾਂ ਇਲੈਕਸ਼ਨ ਵਿੱਚ ਬੜੀ ਮਦਦ ਕੀਤੀ। ਗਿਆਨੀ ਹਰਚਰਨ ਸਿੰਘ ਜੀ ਦੀ ਡਿਊਟੀ ਜ਼ਿਲ੍ਹਾ ਸਰਗੋਧਾ ਵਿੱਚ ਲਾ ਦਿੱਤੀ। ਇਸ ਤਰ੍ਹਾਂ ਸਾਰੇ ਸਿੰਘ ਆਪਣੇ-ਆਪਣੇ ਇਲਾਕੇ ਵਿੱਚ ਫਟਾ-ਫਟ ਪੁੱਜ ਗਏ ਅਤੇ ਪਰਾਪੇਗੰਡਾ ਸ਼ੁਰੂ ਕਰ ਦਿੱਤਾ। ਆਪ ਜੀ ਦੇ ਮੁਕਾਬਲੇ ਤੇ ਸ: ਹਰਿਭਜਨ ਸਿੰਘ ਭਲਾਇਆ ਸੀ। ਆਖਿਰ ਗੁਰੂ ਕਿਰਪਾ ਕੀਤੀ, ਆਪ ਜੀ ਨੇ ਸੱਤ ਹਜ਼ਾਰ ਵੋਟ ਲੈ ਕੇ ਗੁਰੂ ਦੀ ਕਿਰਪਾ ਨਾਲ ਬੜੀ ਸ਼ਾਨ ਨਾਲ ਜਿੱਤ ਪ੍ਰਾਪਤ ਕੀਤੀ। ਇਹ ਇਲੈਕਸ਼ਨਾਂ ਆਪ ਜੀ ਨੇ ਕਿਸੇ ਆਪਣੇ ਲਾਭ ਲਈ ਜਾਂ ਆਪਣੀ ਇੱਜ਼ਤ ਵਧਾਉਣ ਲਈ ਜਾਂ ਕਿਸੇ ਹੋਰ ਲਾਲਚ ਲਈ ਨਹੀਂ ਲੜੀਆਂ, ਉਨ੍ਹਾਂ ਸਾਹਮਣੇ ਕੇਵਲ ਇਕੋ ਹੀ ਨਿਸ਼ਾਨਾ-ਸੀ-ਲੁਬਾਣਾ ਬਰਾਦਰੀ ਦੀ ਬੇਹਤਰੀ ਦੀ ਸ਼ਾਨ ਉੱਚੀ ਹੋਵੇ। ਇਸ ਲਈ ਉਨ੍ਹਾਂ ਇਲੈਕਸ਼ਨਾਂ ਲੜੀਆਂ। ਆਪ ਜੀ ਨੇ ਦੋ ਵਾਰ ਇਲੈਕਸ਼ਨ ਲੜਨ ਨਾਲ ਅਤੇ ਬੜੀ ਸ਼ਾਨ ਨਾਲ ਜਿਤ ਹਾਸਲ ਕਰਨ ਨਾਲ ਲੁਬਾਣਾ ਬ੍ਰਾਦਰੀ ਗੁਆਂਢੀ ਬ੍ਰਾਦਰੀਆਂ ਦੇ ਮੁਕਾਬਲੇ ਖ਼ੜੀ ਹੋ ਗਈ। ਐਮ.ਐਲ.ਏ. ਬਣ ਕੇ ਜੋ ਜੋ ਆਪ ਜੀ ਨੇ ਕੰਮ ਕੀਤੇ, ਉਹ ਕਿਸੇ ਤੋਂ ਛਿਪੇ ਨਹੀਂ। ਉਨ੍ਹਾਂ ਇੱਕ ਚਮਤਕਾਰ ਕਰਕੇ ਵਿਖਾ ਦਿੱਤਾ। ਫਿਰ ਆਪ ਜੀ ਨੇ ਆਪਣੇ ਧਾਰਮਿਕ ਵਿਰਸੇ ਨੂੰ ਭੀ ਕਾਇਮ ਰਖਿਆ। ਪੰਥ ਦਾ ਭੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਸਾਥ ਦਿੱਤਾ। ਆਪ ਜੀ ਦੇ ਸੰਬੰਧ ਵਿੱਚ ਸ੍. ਬਲਦੇਵ ਸਿੰਘ ਜੀ, ਜੋ ਅਕਾਲੀ ਪਾਰਟੀ ਦੇ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੇ ਲੀਡਰ ਸਨ, ਉਨ੍ਹਾਂ ਇਕ ਵੇਰ ਕਿਹਾ ਸੀ ਕਿ ਸਾਡੀ ਪਾਰਟੀ ਵਿਚ ਜੋ ਅਡੋਲ, ਜੋ ਖਰੀਦੇ ਨਹੀਂ ਜਾ ਸਕਦੇ। ਪਾਰਟੀ ਦੇ ਪੱਕੇ, ਜਿਨ੍ਹਾਂ ਉੱਤੇ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ, ਉਹ ਸੰਤ ਪਰੇਮ ਸਿੰਘ ਜੀ ਮੁਰਾਲੇ ਵਾਲੇ ਐਮ.ਐਲ.ਏ. ਹਨ। ਇਸ ਤਰ੍ਹਾਂ ਆਪ ਜੀ ਨੇ ਆਪਣੀ ਇੱਜ਼ਤ ਚਾਰ ਚੰਨ ਲਾ ਕੇ ਉਜਲਾ ਕਰ ਦਿੱਤਾ। ਜਿਹੜੇ ਕੰਮ ਉਨ੍ਹਾਂ ਨੇ ਕੀਤੇ ਉਹ ਲਿਖਣ ਤੋਂ ਬਾਹਰ ਹਨ ਤੇ ਸਭ ਦੇ ਸਾਹਮਣੇ ਹਨ।

## ਭੋਰਾ ਦੇਵੀ ਵਿੱਚ ਵਣਜਾਰਾ ਕਾਨਫ੍ਰੰਸ ਤੇ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ

ਜ਼ਿਲ੍ਹਾ ਏਟਾ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਗਿਆਨੀ ਅਮਰ ਸਿੰਘ ਜੀ ਚਾਕਰ ਪ੍ਰਚਾਰ ਕਰਦੇ ਸਨ। ਉਨ੍ਹਾ ਦਾਸ ਨੂੰ ਭੀ ਕਈ ਵੇਰ ਕਿਹਾ ਸੀ ਕਿ ਜ਼ਿਲ੍ਹਾ ਏਟਾ ਵਿੱਚ ਵਣਜਾਰਾ ਬੁਲਾਣਾ ਬ੍ਰਾਦਰੀ ਬਹੁਤ ਹੈ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਸਾਲ ਭੋਰਾ ਦੇਵੀ, ਜਿਥੇ ਅਪ੍ਰੈਲ ਵਿੱਚ ਬੜਾ ਭਾਰੀ ਇਕੱਠ ਹੁੰਦਾ ਹੈ ਉਥੇ ਜ਼ਰੂਰ ਦਰਸ਼ਨ ਦੇਣਾ। ਤੁਸੀਂ ਭੀ ਮੇਰੀ ਮਦਦ ਕਰੋ ਤੇ ਆਪ ਮਹਾਂਪੁਰਖਾਂ ਨੂੰ ਉਥੇ ਜ਼ਰੂਰ ਲੈ ਕੇ ਪੁੱਜੋ। ਮੈਂ ਕਿਹਾ ਕਿ ਮੈਂ ਭੀ ਬੇਨਤੀ ਕਰਾਂਗਾ। ਥੋੜ੍ਹੇ ਦਿਨ ਰਹਿੰਦੇ ਸਨ, ਗਿਆਨੀ ਅਮਰ ਸਿੰਘ ਜੀ ਚਾਕਰ ਫਿਰ ਆਏ। ਉਨ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਬੇਨਤੀ ਕੀਤੀ। ਆਪ ਜੀ ਨੇ ਪ੍ਰਵਾਨਗੀ ਦੇ ਦਿੱਤੀ ਤੇ ਗਿਆਨੀ ਅਮਰ ਸਿੰਘ ਜੀ ਚਾਕਰ ਨੂੰ ਕਿਹਾ ਕਿ ਅਸੀਂ ਇਥੋਂ 4 ਅਪ੍ਰੈਲ ਨੂੰ ਚੱਲਾਂਗੇ ਤੇ 5 ਤਰੀਕ ਨੂੰ ਅਕੋਲੇ ਪੁੱਜ ਜਾਵਾਂਗੇ। ਇਸ ਪ੍ਰੋਗਰਾਮ ਅਨੁਸਾਰ ਦਾਸ ਨੂੰ ਭੀ ਗਿਆਨੀ ਅਮਰ ਸਿੰਘ ਜੀ ਨੇ ਦੱਸ ਦਿੱਤਾ। ਆਪ ਜੀ ਦੇ ਨਾਲ ਦਾਸ ਤੇ ਬਲਵੰਤ ਕੌਰ ਜੀ ਤੇ ਗਿਆਨੀ ਹਰਚਰਨ ਸਿੰਘ ਜੀ, ਉਨ੍ਹਾਂ ਦਾ ਪਰਵਾਰ ਤੇ ਕੁੱਛ ਹੋਰ ਪ੍ਰੇਮੀ ਠੀਕ 4 ਤਰੀਕ ਨੂੰ ਲਾਹੌਰ ਤੋਂ ਗੱਡੀ ਚੜ੍ਹੇ ਤੇ 5 ਤਰੀਕ ਨੂੰ ਅਕੋਲੇ ਪੁੱਜੇ। ਇਥੇ ਸਰਦਾਰਾਂ ਦੀ ਮਿੱਲ ਸੀ। ਬੜੇ ਪ੍ਰੇਮੀ ਸਿੰਘ ਸਨ। ਮਹਾਂਪੁਰਖਾਂ ਦਾ ਬੜਾ ਸਤਿਕਾਰ ਕੀਤਾ। ਰਾਤ ਇਥੇ ਹੀ ਰਹੇ। ਅਗਲੇ ਦਿਨ 6 ਤਰੀਕ ਨੂੰ ਭੋਰਾ ਦੇਵੀ ਪੁੱਜੇ ਬੜਾ ਔਖਾ ਜਿਹਾ ਸਫਰ ਸੀ। ਬੈਲ ਗੱਡੀਆਂ ਤੋਂ ਬਿਨਾਂ ਹੋਰ ਕੋਈ ਸੁਆਰੀ ਇਥੋਂ ਨਹੀਂ ਸੀ ਮਿਲੀ। ਇਥੇ ਵਣਜਾਰਿਆਂ ਦਾ ਗੁਰੂ ਸੀ, ਉਸਨੇ ਬੜਾ ਸਤਿਕਾਰ ਕੀਤਾ। ਚਾਕਰ ਜੀ ਨੇ ਦੀਵਾਨ ਦਾ ਪ੍ਰਬੰਧ ਕੀਤਾ। ਇਸ ਦੀਵਾਨ ਵਿੱਚ ਚੌਹਾਨ, ਲੁਬਾਣਾ, ਪਰਮਾਰ, ਰਾਠੌਰ ਆਦਿ ਬਰਾਦਰੀਆਂ ਸ਼ਾਮਲ ਹੋਈਆਂ। ਚਾਕਰ ਜੀ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਵਣਜਾਰਾ ਬਰਾਦਰੀ ਨਾਲ ਵਾਕਫੀਅਤ ਕਰਾਈ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਇੱਥੇ ਪੁੱਜਣ ਦਾ ਚਾਕਰ ਜੀ ਨੇ ਕਾਰਨ ਦੱਸਿਆ। ਆਪ ਜੀ ਨੇ ਪ੍ਰੇਰਨਾ ਕੀਤੀ ਕਿ ਤੁਸੀਂ ਸਿੱਖੀ ਗ੍ਰਹਿਣ ਕਰ ਲਵੋ। ਗੁਰੂ ਨਾਨਕ ਦੇਵ ਨਾਮ ਲੇਵਾ ਤਾਂ ਤੁਸੀਂ ਅੱਗੇ ਹੀ ਹੋ, ਸ਼ਰਧਾ ਤੁਹਾਡੀ ਅਥਾਹ ਹੈ। ਇਨ੍ਹਾਂ ਵਣਜਾਰਿਆਂ ਦੱਸਿਆ ਕਿ ਅਸੀਂ ਨੰਦੇੜ ਵਾਲੇ ਗੁਰੂ ਜੀ ਨੂੰ ਮੰਨਦੇ ਹਾਂ, ਦਸਵੰਦ ਕੱਢਦੇ ਹਾਂ ਤੇ ਨੰਦੇੜ ਵਾਲੇ ਗੁਰੂ ਦੇ ਚਰਨਾਂ ਵਿਚ ਜਾ ਕੇ ਭੇਟਾ ਕਰਦੇ ਹਾਂ। ਸਾਡੇ ਘਰਾਂ ਵਿੱਚ ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਅਸੀਂ ਨੰਦੇੜ ਜਾ ਕੇ ਨਾਮ ਰਖਾਉਂਦੇ ਹਾਂ। ਜਿਸ ਬੱਚੇ ਦਾ ਨਾਮ ਨੰਦੇੜ ਵਾਲੇ ਗੁਰੂ ਦੇ ਦਰਬਾਰ ਵਿੱਚ ਜਾ ਕੇ ਰੱਖਦੇ ਹਾਂ, ਉਹ ਬੀੜੀ ਨਹੀਂ ਪੀਂਦਾ। ਇਨ੍ਹਾਂ ਦੀ ਸ਼ਰਧਾ ਬਹੁਤ ਸੀ, ਪਰ ਸਿੱਖ ਬਣਨ ਲਈ ਇਨ੍ਹਾਂ ਕਈ ਮਜਬੂਰੀਆਂ ਦੱਸੀਆਂ ਵੈਸੇ ਇਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕਰਕੇ ਬੜੇ ਖੁਸ਼ ਹੋਏ। ਇਥੋਂ ਆਪ ਜੀ ਨੇ ਸਾਰੀ ਸੰਗਤ ਨੂੰ ਨਾਲ ਲੈ ਕੇ ਗੱਡੀ ਰਾਹੀਂ 12 ਅਪ੍ਰੈਲ ਨੂੰ ਨੰਦੇੜ ਵਿੱਚ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜ ਕੇ ਦਰਸ਼ਨ ਕੀਤੇ। 13 ਤਰੀਕ ਵੈਸਾਖੀ ਵਾਲੇ ਦਿਨ ਗੁਦਾਵਰੀ ਵਿੱਚ ਇਸ਼ਨਾਨ ਕੀਤਾ ਤੇ ਕਲਗੀਧਰ ਪਿਤਾ ਜੀ ਦੇ ਪਵਿੱਤਰ ਅਸਥਾਨ ਤੇ ਜਥਾ ਸ਼ਕਤ ਭੇਟਾ ਕੀਤੀ, ਦਰਸ਼ਨ ਕੀਤੇ, ਕੀਰਤਨ ਦਾ ਆਨੰਦ ਮਾਣਿਆ ਅਤੇ ਨਾਸ਼ਤਾ ਆਦਿ ਲੈ ਕੇ ਬਾਹਰਲੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਤਿਆਰ ਹੋਏ। ਸਰਬਰਾਹ ਸ੍. ਗੁਪਾਲ ਜੀ ਨੇ ਮਹਾਂ ਪੁਰਖਾਂ ਲਈ ਘੋੜਾ ਦਿੱਤਾ ਤੇ ਬਾਕੀ ਸੰਗਤ ਨੇ ਪੈਦਲ ਚਾਲੇ ਪਾਏ। ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਰਾਤ ਨੂੰ ਵਾਪਸ ਪੁੱਜੇ। ਅਗਲੇ ਦਿਨ ਲੁਬਾਣਾ ਬ੍ਰਾਦਰੀ ਦੇ ਬਹੁਤ ਸਾਰੇ ਸੱਜਣ ਜੋ ਇਧਰ ਰਹਿੰਦੇ ਸਨ, ਉਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਏ। ਉਨ੍ਹਾਂ ਕਲਗੀਧਰ ਜੀ ਦੇ ਪਵਿੱਤਰ ਅਸਥਾਨ ਲਈ ਆਪਣੀ ਬੜੀ ਪਿਆਰ ਬੜੀ ਸ਼ਰਧਾ ਦੱਸੀ ਤੇ ਕਈ ਬਚਨ ਭੀ ਹੋਰ ਬ੍ਰਾਦਰੀ ਸੰਬੰਧੀ ਦੱਸੇ। ਇਸ ਤਰ੍ਹਾਂ ਯਾਤਰਾ ਕਰਕੇ, ਸਮੇਤ ਸੰਗਤਾਂ ਦੇ, ਸੰਤ ਬਾਬਾ ਪ੍ਰੇਮ ਸਿੰਘ ਜੀ 18 ਅਪ੍ਰੈਲ, 1916 ਨੂੰ ਸਵੇਰੇ ਦਿੱਲੀ ਪੁੱਜੇ। ਇੱਥੇ ਮੇਜਰ ਰਣਜੀਤ ਸਿੰਘ ਜੀ ਕੁਆਂਖ ਵਾਲੇ ਮਿਲੇ। ਉਹ ਕਹਿਣ ਲੱਗੇ-ਬਾਬਾ ਜੀ ਆਪ ਨੇ ਮਹਾਨ ਕਿਰਪਾ ਕੀਤੀ ਹੈ, ਅਸੀ ਯਾਦ ਕਰ ਰਹੇ ਹਾਂ, ਆਪ ਜੀ ਨੇ ਪਰਤੱਖ ਦਰਸ਼ਨ ਦੇ ਕੇ ਸਾਨੂੰ ਨਿਹਾਲ ਕੀਤਾ ਹੈ। ਇਨ੍ਹਾਂ ਆਪਣੀ ਫੌਜੀ ਗੱਡੀ ਤੇ ਦਿੱਲੀ ਦੇ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ। 19 ਅਪ੍ਰੈਲ ਨੂੰ ਗੱਡੀ ਤੇ ਚੜ੍ਹ ਕੇ 20 ਨੂੰ ਲਾਹੌਰ ਪੁੱਜੇ। ਮਹਾਂ ਪੁਰਖ ਮੁਰਾਲੇ ਚਲੇ ਗਏ ਅਤੇ ਦਾਸ ਆਪਣੇ ਪਰਵਾਰ ਸਮੇਤ ਅੰਮ੍ਰਿਤਸਰ ਪੁੱਜ ਗਿਆ। ਇਹ ਸਫ਼ਰ ਕੇਵਲ ਲੁਬਾਣਾ ਬ੍ਰਾਦਰੀ ਦੇ ਸੁਧਾਰ ਲਈ ਤੇ ਉਨ੍ਹਾਂ ਨੂੰ ਸਿੱਖ ਬਨਾਉਣ ਦੇ ਖ਼ਿਆਲ ਨਾਲ ਕੀਤਾ ਅਤੇ ਨਾਲ ਹੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਭੀ ਇਸ ਬਹਾਨੇ ਸਾਰਿਆਂ ਨੂੰ ਕਰਵਾ ਦਿੱਤੇ।

## ਮਹਾਂ ਪੁਰਖਾਂ ਦੀ ਦਰਦਨਾਕ ਚਿੱਠੀ

ਆਪ ਜੀ ਨੂੰ ਕਾਫ਼ੀ ਦਿਨ ਮੁਰਾਲੇ ਗਿਆਂ ਨੂੰ ਹੋ ਗਏ ਸਨ। ਕੋਈ ਖ਼ਬਰ-ਸੁਰਤ ਨਹੀਂ ਸੀ ਆ ਰਹੀ। ਜਿਉਂ-ਜਿਉਂ ਹਾਲਾਤ ਵਿਗੜਦੇ ਜਾ ਰਹੇ ਸਨ,

ਤਿਉਂ-ਤਿਉਂ ਆਪ ਜੀ ਵੱਲੋਂ ਚਿੰਤਾ ਵਧਦੀ ਜਾ ਰਹੀ ਸੀ। ਅਚਾਨਕ ਹੀ ਆਪ ਜੀ ਦੀ ਚਿੱਠੀ ਪੁੱਜੀ, ਜਿਸ ਵਿੱਚ ਲਿਖਿਆ ਸੀ ਕਿ ਮੁਸਲਮਾਨਾਂ ਦੇ ਇੱਕ ਬੜੇ ਭਾਰੀ ਹਜ਼ੂਮ ਨੇ ਡੇਰੇ ਨੂੰ ਘੇਰਾ ਪਾਇਆ ਬੜੇ ਜ਼ੋਰ ਨਾਲ ਨਾਅਰੇ ਲਾਉਂਦੇ ਰਹੇ ਪਰ ਉਨ੍ਹਾਂ ਹਮਲਾ ਨਹੀਂ ਕੀਤਾ। ਇਧਰੋਂ ਸਾਡੀ ਭੀ ਤਿਆਰੀ ਸੀ। ਕਾਫੀ ਸਿੰਘ ਅੰਦਰੇ ਸਨ ਉਨ੍ਹਾਂ ਨੂੰ ਤਿਆਰ ਕਰ ਦਿੱਤਾ। ਇੱਟਾਂ, ਵੱਟੇ, ਜੋ ਕਿਸੇ ਪਾਸ ਥੋੜ੍ਹੇ ਬਹੁਤ ਹਥਿਆਰ ਸਨ, ਲੈ ਕੇ ਬਿਲਕੁਲ ਸਨੱਧ-ਬੱਧ ਹੋ ਗਏ। ਇਹ ਹਜ਼ੂਮ ਮੁਰਾਲੇ ਤੋਂ ਬਾਹਰ ਦੇ ਆਲੇ-ਦੁਆਲੇ ਦੇ ਪਿੰਡਾਂ ਦਾ ਸੀ। ਮੁਰਾਲੇ ਦੇ ਮੁਸਲਮਾਨਾਂ ਨੂੰ ਜਦੋਂ ਪਤਾ ਲੱਗਾ ਕਿ ਡੇਰੇ ਤੇ ਹਮਲਾ ਕਰਨ ਲਈ ਹਜ਼ੂਮ ਆ ਗਿਆ ਹੈ ਤਾਂ ਉਨ੍ਹਾਂ ਤਕੜੇ ਹੋ ਕੇ ਉਨ੍ਹਾਂ ਨੂੰ ਕਿਹਾ ਕਿ ਕਈ ਸਾਲ ਮਹੰਤ ਸਾਹਿਬ ਨੂੰ ਇਥੇ ਰਹਿੰਦਿਆਂ ਨੂੰ ਹੋ ਗਏ ਹਨ, ਸਾਨੂੰ ਇਨ੍ਹਾਂ ਕਦੇ ਕੋਈ ਤਕਲੀਫ ਨਹੀਂ ਦਿੱਤੀ ਬਲਕਿ ਸਾਡੇ ਹਰ ਇੱਕ ਮੌਕੇ ਤੇ ਦੁੱਖ ਸੁੱਖ ਵਿੱਚ ਸਾਡੀ ਮਦਦ ਕਰਦੇ ਰਹੇ ਹਨ। ਪਹਿਲੇ ਅਸੀਂ ਮਰਾਂਗੇ, ਫਿਰ ਮਹੰਤਾਂ ਨੂੰ ਕੁੱਝ ਕਹਿਣ ਦਿਆਂਗੇ। ਇਸ ਤਰ੍ਹਾਂ ਹਮਲਾ ਕਰਨ ਵਾਲੇ ਪਿੱਛੇ ਹਟ ਗਏ। ਪਰ ਕੁੱਝ ਕਿਹਾ ਨਹੀਂ ਜਾ ਸਕਦਾ, ਜੇਕਰ ਬਚ ਗਏ ਤਾਂ ਆਂ ਮਿਲਾਂਗੇ, ਫ਼ਿਕਰ ਨਹੀਂ ਕਰਨਾ। ਸਭਨਾਂ ਨੂੰ ਸਤਿ ਸ੍ਰੀ ਅਕਾਲ।

ਇਸ ਚਿੱਠੀ ਨੇ ਦਿਲ ਕੰਬਾ ਦਿੱਤਾ, ਬਹੁਤ ਚਿੰਤਾ ਹੋ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਜਾ ਕੇ ਮਿਲਿਆ। ਉਨ੍ਹਾਂ ਨੂੰ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਦੀ ਜਾਨ ਖਤਰੇ ਵਿਚ ਹੈ, ਕੋਈ ਉਪਾਅ ਕਰੋ ਕਹਿਣ ਲੱਗੇ ਕਿ ਸ੍ਰ. ਸਵਰਨ ਸਿੰਘ ਜੀ ਨੂੰ ਮਿਲੋ। ਫਿਰ ਸ੍ਰ. ਸਵਰਨ ਸਿੰਘ ਜੀ ਨੂੰ ਮਿਲਿਆ। ਉਨ੍ਹਾਂ ਨਾਲ ਸਾਰੀ ਗੱਲ ਕੀਤੀ ਕਿ ਜਿਸ ਤਰ੍ਹਾਂ ਕੋਈ ਉਪਾਅ ਹੋ ਸਕੇ ਕਰੋ। ਸੰਤ ਪ੍ਰੇਮ ਸਿੰਘ ਜੀ ਘੇਰੇ ਵਿਚ ਹਨ, ਉਨ੍ਹਾਂ ਦੀ ਜਾਨ ਖਤਰੇ ਵਿਚ ਹੈ। ਉਨ੍ਹਾਂ ਜਵਾਬ ਦਿੱਤਾ ਕਿ ਉਥੋਂ ਕੋਈ ਹਵਾਈ ਅੱਡਾ ਤਾਂ ਨੇੜੇ ਹੈ ਨਹੀਂ, ਮੈਂ ਕੋਈ ਮਿਲਟਰੀ ਦੇ ਭੇਜਣ ਦਾ ਜਤਨ ਕਰਦਾ ਹਾਂ। ਇਸ ਤਰ੍ਹਾਂ ਬਹੁਤ ਦੌੜ ਭੱਜ ਆਪਣੇ ਵੱਲੋਂ ਕੀਤੀ, ਪਰ ਕੋਈ ਭਰੋਸੇ ਵਾਲੀ ਗੱਲ ਨਜ਼ਰ ਨਾ ਆਈ। ਜਦੋਂ ਉਧਰੋਂ ਮਾਰੀਦੇ, ਰੋਂਦੇ ਕੁਰਲਾਂਦੇ ਲੋਕ ਇਧਰ ਆਉਂਦੇ ਦੇਖੇ ਫਿਰ ਤਾਂ ਹੋਰ ਫਿਕਰ ਤੇ ਚਿੰਤਾ ਵਧ ਗਈ।

ਮੈਂ ਇੱਕ ਚਿੱਠੀ ਲਿਖੀ, ਪਰ ਉਹ ਕਿੱਥੇ ਪਹੁੰਚਣੀ ਸੀ। ਜਿਸ ਵਿੱਚ ਲਿਖਿਆ ਸੀ ਮੈਂ ਤੁਹਾਨੂੰ ਕਿਹਾ ਸੀ ਤੁਸੀਂ ਮੁਰਾਲੇ ਨਾ ਜਾਵੋ, ਪਰ ਤੁਸੀਂ ਮੇਰੀ ਗੱਲ ਨਾ ਮੰਨੀ ਤੇ ਮੁਰਾਲੇ ਚਲੇ ਗਏ। ਵਾਹਿਗੁਰੂ ਤੁਹਾਨੂੰ ਸਹੀ ਸਲਾਮਤ ਲਿਆਵੇ, ਉਹੋ ਹੀ ਤੁਹਾਡਾ ਰਾਖਾ ਹੈ। ਉਹ ਕਲਗੀਧਰ ਪਿਤਾ ਤੁਹਾਡੇ ਅੰਗ-ਸੰਗ ਹੋ ਕੇ ਆਪ ਸਹਾਇਤਾ ਕਰਨਗੇ।

## ਮੁਰਾਲੇ ਡੇਰੇ ਦਾ ਤਿਆਗ

ਹਮੇਸ਼ਾ ਵਾਂਗ 13 ਭਾਂਦਰੋਂ, ਸੰਮਤ 2004 ਮੁਤਾਬਕ 29 ਅਗਸਤ, 1947 ਨੂੰ ਡੇਰੇ ਅਖੰਡ ਪਾਠ ਰਖਿਆ ਤੇ ਖਿਆਲ ਸੀ ਕਿ ਬਹੁਤਾ ਜੋੜ ਮੇਲਾ ਤਾਂ ਹੋਣਾ ਨਹੀਂ, ਭੋਗ ਪਾ ਕੇ ਥੋੜ੍ਹਾ ਬਹੁਤਾ ਲੰਗਰ ਕਰ ਲਵਾਂਗੇ। ਖਾਰੀਆਂ ਤਹਿਸੀਲ ਵਿੱਚ ਰਾਜਾ ਮੁਹੰਮਦ ਅਬਦੁੱਲਾ ਤਹਿਸੀਲਦਾਰ ਲੱਗੇ ਹੋਏ ਸਨ। ਚੰਗੇ ਖਿਆਲ ਦੇ ਸਨ ਤੇ ਹਰ ਇੱਕ ਤਰ੍ਹਾਂ ਦੀ ਖ਼ਬਰ ਮਹਾਂ ਪੁਰਖਾਂ ਨੂੰ ਦੇਂਦੇ ਰਹਿੰਦੇ ਸਨ। ਤਹਿਸੀਲਦਾਰ ਨੂੰ ਹਮਲਾ ਕਰਨ ਵਾਲੀ ਗੱਲ ਦਾ ਜਦੋਂ ਪਤਾ ਲੱਗਾਤ ਂਓ_ਸਨ ੇਬ ਹੁਤਹ ਿਦ੍ਖਪ ੍ਗਟਕ ਿਤਾ।3 0ਅ ਗਸਤਨੂੰ ਤਹਿਸੀਲਦਾਰ ਨੇ ਆ ਕੇ ਮਹਾਂ ਪੁਰਖਾਂ ਨੂੰ ਦੱਸਿਆ ਕਿ ਪਾਕਿਸਤਾਨ ਬਣ ਗਿਆ ਹੈ, ਤੁਸੀਂ ਹੁਣੇ ਹੀ ਲਾਲੇ ਮੂਸੇ ਕੈਂਪ ਵਿੱਚ ਚਲੇ ਚਲੋ। ਮੈਂ ਤੁਹਾਡਾ ਪ੍ਰਬੰਧ ਕਰ ਦਿੰਦਾ ਹਾਂ। ਤਹਿਸੀਲਦਾਰ ਸਾਹਿਬ ਨੇ ਜੀਪ ਆਦਿ ਦਾ ਪ੍ਰਬੰਧ ਕਰ ਦਿੱਤਾ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਆਪਣੀ ਕਾਰ ਲੈ ਲਈ। ਕੁੱਝ ਸਾਥੀਆਂ ਸਮੇਤ ਥੋੜ੍ਹਾ ਬਾਹਲਾ ਸਮਾਨ ਲੈ ਕੇ ਡੇਰੇ ਮੁਰਾਲੇ ਨੂੰ ਆਖਰੀ ਅਲਵਿਦਾ ਕਹਿ ਕੇ, ਅਰਦਾਸ ਕਰਕੇ ਲਾਲੇ ਮੂਸੇ ਕੈਂਪ ਵਿਚ ਚਲੇ ਆਏ। ਅਖੰਡ ਪਾਠ ਕਰਨ ਵਾਲੇ ਕੁੱਝ ਪਾਠੀ ਰਹਿ ਗਏ। ਉਹ 31 ਅਗਸਤ ਨੂੰ ਅਖੰਡ ਪਾਠ ਦਾ ਭੋਗ ਪਾ ਕੇ ਲਾਲੇ ਮੂਸੇ ਕੈਂਪ ਵਿਚ ਆਏ। ਆਪ ਜੀ ਨੂੰ ਕੈਂਪ ਵਿੱਚ ਪਹੁੰਚਾਉਣ ਦਾ ਸਾਰਾ ਪ੍ਰਬੰਧ ਰਾਜਾ ਮੁਹੰਮਦ ਅਬਦੁੱਲਾ ਤਹਿਸੀਲਦਾਰ ਨੇ ਆਪਣੀ ਨਿਗਰਾਨੀ ਵਿੱਚ ਕੀਤਾ।

ਲਾਲੇ ਮੂਸੇ ਕੈਂਪ ਵਿੱਚ ਬਹੁਤ ਸਾਰੇ ਲੋਕ ਆਲੇ-ਦੁਆਲੇ ਦੇ ਪਿੰਡਾਂ ਦੇ ਭੀ ਪੁੱਜ ਗਏ ਸਨ। ਮਹਾਂ ਪੁਰਖ ਬਾਬਾ ਪ੍ਰੇਮ ਸਿੰਘ ਜੀ ਨੇ ਇਥੇ ਭੀ ਆਪਣਾ ਲੰਗਰ ਜਾਰੀ ਕਰ ਦਿੱਤਾ। ਸਭ ਉੱਜੜ ਕੇ ਆਏ ਲੋਕ ਲੰਗਰ ਇੱਥੋਂ ਹੀ ਛੱਕਦੇ ਸਨ। ਉਨ੍ਹਾਂ ਆਪਣੀ ਮੁਰਾਲੇ ਦੇ ਡੇਰੇ ਦੀ ਲੰਗਰ ਦੀ ਰਿਵਾਇਤ ਇੱਥੇ ਭੀ ਉਸੇ ਤਰ੍ਹਾਂ ਸ਼ੁਰੂ ਕਰ ਦਿੱਤੀ। ਮੁਰਾਲੇ ਡੇਰੇ ਦਾ ਉਹ ਸ਼ਾਹੀ ਠਾਠ-ਬਾਠ, ਰਾਤ ਦਿਨ ਗੁਰਬਾਣੀ ਦੀ ਕਥਾ ਕੀਰਤਨ, ਮਹਾਂ ਪੁਰਖਾਂ ਦੇ ਬੜੇ-ਬੜੇ ਸਮਾਗਮ, ਉਹ ਸੋਹਣਾ ਹਰਿਮੰਦਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ, ਸ਼ਾਹੀ ਕੋਠੀ, ਬਾਗ ਬਗੀਚੇ, ਲੱਖਾਂ ਰੁਪਏ ਦੇ ਸਮਾਨ ਨਾਲ ਕਈ ਕਮਰੇ ਭਰੇ ਹੋਏ ਸਨ ਜੋ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਸੁਰੱਖਿਅਤ ਥਾਂ ਸਮਝ ਕੇ ਇਥੇ ਰੱਖੇ ਹੋਏ ਸਨ। ਖੰਡ, ਚਾਵਲ ਤੇ ਕਣਕ ਦੀਆਂ ਭਰੀਆਂ ਬੋਰੀਆਂ, ਲੰਗਰ ਦਾ ਭਾਰੀ ਸਮਾਨ, ਪੰਦਰਾਂ-ਪੰਦਰਾਂ ਕਿਲੋ ਦੁੱਧ ਵਾਲੀਆਂ ਗਊਆਂ ਤੇ ਮੱਝਾਂ ਆਦਿ ਸਭ ਕੁਝ ਇਕ ਛਿਣ ਵਿੱਚ ਤਿਆਗ ਕੇ ਲਾਲੇ ਮੂਸੇ ਦੇ ਕੈਂਪ ਵਿੱਚ ਮੁਸਾਫਰਾਂ ਵਾਂਗ ਆ ਕੇ ਬੈਠ ਗਏ। ਭਾਵੇਂ ਆਪ ਹੋਰ ਸਭ ਸਮਾਨ ਛੱਡ ਆਏ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ, ਚਾਂਦੀ ਦੇ ਪਾਵਿਆਂ ਵਾਲੇ ਮੰਜੀ ਸਾਹਿਬ, ਸੋਨੇ ਦਾ ਚੌਰ, ਵਧੀਆ ਰੁਮਾਲੇ ਅਤੇ ਚਾਂਦਨੀ, ਛੱਬਾ ਆਦਿ ਸਮਾਨ ਲੈ ਆਏ। ਦੂਜਾ, ਲੋਕਾਂ ਦੀਆਂ ਅਮਾਨਤਾਂ ਸੋਨੇ ਦੇ ਜੇਵਰ ਆਦਿ ਲੈ ਆਏ। ਕੁੱਝ ਦਿਨ ਲਾਲੇ ਮੂਸੇ ਕੈਂਪ ਵਿੱਚ ਰਹੇ।

## ਲਾਲੇ ਮੂਸੇ ਕੈਂਪ ਤੋਂ ਅੰਮ੍ਰਿਤਸਰ ਪੁੱਜਣਾ

ਸੰਤ ਬਾਬਾ ਪ੍ਰੇਮ ਸਿੰਘ ਜੀ ਆਪਣੇ ਸਾਥੀਆਂ ਸਮੇਤ ਤਕਰੀਬਨ ਇੱਕ ਹਫਤਾ ਕੈਂਪ ਵਿੱਚ ਰਹੇ। ਇੱਥੇ ਲੰਗਰ ਦਾ ਚੰਗੀ ਤਰ੍ਹਾਂ ਪ੍ਰਬੰਧ ਕਰ ਦਿੱਤਾ। ਜ਼ਿਲ੍ਹਾ ਸ਼ੇਖੂਪੁਰੇ ਦੀ ਤਹਿਸੀਲ ਸ਼ਾਹਦਰਾ ਦੇ ਪਿੰਡ ਅੱਯਾ ਬੋਹੜ ਵਾਲਾ ਦੇ ਸ੍ਰ. ਇੰਦਰ ਸਿੰਘ ਜੀ ਸਫੈਦ-ਪੋਸ਼ ਜੋ ਮਹਾਂ ਪੁਰਖਾਂ ਦੇ ਬੜੇ ਸ਼ਰਧਾਲੂ ਸਨ ਅਤੇ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਬਾਵਕਵਾਲ ਹਾਈ ਸਕੂਲ ਖੋਹਲਿਆ ਸੀ, ਉਨ੍ਹਾਂ ਦੇ ਹੋਣਹਾਰ ਸਪੁੱਤਰ ਕਪਤਾਨ ਸੂਰਤ ਸਿੰਘ ਨੂੰ ਅਕਾਲ ਪੁਰਖ ਵੱਲੋਂ ਕੁਦਰਤੀ ਇਹ ਸੋਝੀ ਹੋਈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਕੈਂਪ ਵਿੱਚ ਹਨ, ਇਸ ਲਈ ਉਨ੍ਹਾਂ ਨੂੰ ਉਥੋਂ ਕੱਢ ਕੇ ਇਧਰ ਲੈ ਆਂਦਾ ਜਾਵੇ। ਉਹ ਆਪਣੀ ਸਰਕਾਰੀ ਗੱਡੀ ਲੈ ਕੇ 5 ਸਤੰਬਰ ਨੂੰ ਲਾਲੇ ਮੂਸੇ ਪੁੱਜੇ। ਆਪ ਜੀ ਨੇ ਮਹਾਂ ਪੁਰਖਾਂ ਨੂੰ ਨਮਸਕਾਰ ਕੀਤੀ ਤੇ ਕਿਹਾ ਕਿ ਮਹਾਰਾਜ ਮੈਂ ਆਪ ਜੀ ਨੂੰ ਲੈਣ ਲਈ ਆਇਆ ਹਾਂ। ਆਪ ਜੀ ਆਪਣਾ ਸਮਾਨ ਗੱਡੀ ਵਿੱਚ ਰਖਵਾ ਦਿਉ ਅਤੇ ਜਿੰਨੇ ਕੁ ਸਿੰਘ ਆਪ ਜੀ ਦੇ ਨਾਲ ਹਨ, ਉਨ੍ਹਾਂ ਨੂੰ ਭੀ ਗੱਡੀ ਵਿੱਚ ਬਿਠਾ ਦਿਉ। ਜਿਹੜੇ ਰਹਿ ਜਾਣਗੇ, ਉਨ੍ਹਾਂ ਲਈ ਟਰੱਕ ਭੇਜਾਂਗੇ।

ਲੋਕਾਂ ਵਿੱਚ ਬੜੀ ਘਬਰਾਹਟ ਸੀ। ਸਭ ਕਹਿੰਦੇ ਸਨ ਕਿ ਸਾਨੂੰ ਲੈ ਚਲੋ ਸਾਨੂੰ ਲੈ ਚਲੋ। ਸੰਤ ਬਾਬਾ ਜੀ ਦੇ ਚਲੇ ਜਾਣ ਨਾਲ ਸਭ ਹੋਰ ਬਹੁਤ ਘਬਰਾਏ

ਕਿ ਪਤਾ ਨਹੀਂ ਹੁਣ ਸਾਡਾ ਕੀ ਹਾਲ ਹੋਵੇਗਾ। ਆਪ ਜੀ ਦੇ ਨਾਲ ਭਗਤ ਸੁਦਾਰ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ, ਸ੍ਰ. ਬੂੜ ਸਿੰਘ ਜੀ ਸੈਹਣੇ ਵਾਲੇ, ਗਿਆਨੀ ਹਰਚਰਨ ਸਿੰਘ ਜੀ, ਸੰਤ ਪਾਲਾ ਸਿੰਘ ਜੀ ਆਦਿਕ ਜਿਤਨੇ ਕੁ ਟਰੱਕ ਵਿੱਚ ਬੈਠ ਸਕਦੇ ਸਨ, ਉਤਨੇ ਕੁ ਸਿੰਘ ਬਿਠਾ ਲਏ ਅਤੇ ਪਹਿਰੇ ਲਈ ਕੁੱਝ ਫੌਜੀ ਖੜੇ ਕਰ ਦਿੱਤੇ। ਆਪ ਜੀ ਲਾਹੌਰ ਸ੍ਰ. ਸੂਰਤ ਸਿੰਘ ਦੇ ਬੰਗਲੇ ਪੁੱਜ ਗਏ। ਸ੍ਰ. ਸੂਰਤ ਸਿੰਘ ਨੇ ਯਥਾ ਸ਼ਕਤ ਮਹਾਂ ਪੁਰਖਾਂ ਦੀ ਸੇਵਾ ਕੀਤੀ, ਜਦੋਂ ਕਿ ਇਹ ਸਮਾਂ ਬੜਾ ਭਿਆਨਕ ਸੀ। ਰਾਤ ਆਪ ਇੱਥੇ ਰਹੇ, ਸਵੇਰੇ ਇਸ਼ਨਾਨ ਆਦਿ ਕਿਰਿਆ ਸਾਧੀ ਤੇ ਸਤਿਗੁਰਾਂ ਦਾ ਧਿਆਨ ਕੀਤਾ। ਅਰਦਾਸ ਕੀਤੀ। ਸ੍ਰ. ਸੂਰਤ ਸਿੰਘ ਨੇ ਸਾਰਿਆਂ ਨੂੰ ਟਰੱਕ ਤੇ ਬਿਠਾਇਆ, ਸੰਤ ਮਹਾਰਾਜ ਆਪਣੀ ਕਾਰ ਲੈ ਆਏ ਸਨ। ਆਪ ਜੀ ਕਾਰ ਤੇ ਫੌਜੀਆਂ ਦੇ ਪਹਿਰੇ ਹੇਠ ਸ੍ਰੀ ਅੰਮ੍ਰਿਤਸਰ, ਦਾਸ ਗਿਆਨੀ ਚੇਤ ਸਿੰਘ ਦੇ ਘਰ ਪੁੱਜ ਗਏ। ਸਾਰੇ ਪ੍ਰਵਾਰ ਵਾਲੇ ਦਰਸ਼ਨ ਕਰਕੇ ਬੜੇ ਖੁਸ਼ ਹੋਏ। ਕੁਝ ਵੈਰਾਗ ਦੇ ਹੰਝੂ ਸਭਨਾਂ ਦੀਆਂ ਅੱਖਾਂ ਵਿੱਚ ਵਗ ਤੁਰੇ। ਦਾਸ ਗੁਰਦਾਸਪੁਰ ਗਿਆ ਹੋਇਆ ਸੀ, ਗਹੋਤ ਪਿੰਡ ਵਿੱਚ ਸੂਬੇਦਾਰ ਮੇਜਰ ਫਤਿਹ ਸਿੰਘ ਜੀ ਕਿਲ੍ਹਾ ਸੂਰਾ ਸਿੰਘ ਵਾਲੇ ਮੈਨੂੰ ਮਿਲੇ। ਕਹਿਣ ਲੱਗੇ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਕੱਲ੍ਹ ਅੰਮ੍ਰਿਤਸਰ ਆ ਗਏ ਸਨ ਤੇ ਤੁਹਾਡੇ ਘਰ ਠਹਿਰੇ ਸਨ। ਦਾਸ ਨੂੰ ਜਦੋਂ ਇਹ ਖਬਰ ਮਿਲੀ ਤਾਂ ਬੜੀ ਖੁਸ਼ੀ ਹੋਈ। ਉਸ ਵੇਲੇ ਇੱਕ ਟਰੱਕ ਤੇ ਅੰਮ੍ਰਿਤਸਰ ਪੁੱਜਾ। ਮਹਾਂ ਪੁਰਖਾਂ ਦੇ ਦਰਸ਼ਨ ਕਰਦਿਆਂ ਹੀ ਮੇਰੀਆਂ ਭੁੱਬਾਂ ਨਿਕਲ ਗਈਆਂ ਅਤੇ ਆਪ ਜੀ ਦੀਆਂ ਅੱਖਾਂ ਵਿੱਚੋਂ ਭੀ ਅੱਥਰੂਆਂ ਦਾ ਪ੍ਰਵਾਹ ਛੁੱਟ ਗਿਆ। ਅੱਜ ਪਹਿਲੀ ਵੇਰ ਆਪ ਜੀ ਦੀਆਂ ਅੱਖਾਂ ਵਿੱਚੋਂ ਨੀਰ ਵਗਦਾ ਵੇਖਿਆ। ਜਦੋਂ ਕਿ ਭਾਰੀ ਤਕਲੀਫਾਂ ਦੇ ਹੋਣ ਤੇ ਭੀ ਕਦੇ ਆਪ ਜੀ ਦੀ ਇਹ ਅਵਸਥਾ ਨਹੀਂ ਸੀ ਦੇਖੀ। ਮੈਂ ਕਿਹਾ ਕਿ ਮੈਂ ਤੁਹਾਨੂੰ ਕਿਹਾ ਸੀ ਕਿ ਮੁਰਾਲੇ ਨਾ ਜਾਵੋ। ਪਰ ਫਿਰ ਭੀ ਗੁਰੂ ਨੇ ਚੰਗਾ ਕੀਤਾ ਹੈ ਕਿ ਤੁਹਾਡੇ ਜਾਨ ਬਚ ਗਈ ਹੈ। ਸ਼ੁਕਰ ਹੈ ਉਸ ਵਾਹਿਗੁਰੂ ਦਾ ਸ੍ਰ. ਸੂਰਤ ਸਿੰਘ ਦਾ ਬਹੁਤ ਧੰਨਵਾਦ ਹੈ, ਜਿਨ੍ਹਾਂ ਨੇ ਇਸ ਭਾਰੀ ਭਿਆਨਕ ਸਮੇਂ ਵਿੱਚ ਮਹਾਂ ਪੁਰਖਾਂ ਨੂੰ ਉਥੋਂ ਲਿਆਉਣ ਦੀ ਬੜੀ ਭਾਰੀ ਸੇਵਾ ਕੀਤੀ ਹੈ। ਜਿੱਥੇ ਭੀ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਪਾਕਿਸਤਾਨ ਤੋਂ ਆਉਣ ਦਾ ਜ਼ਿਕਰ ਆਇਆ ਕਰੇਗਾ, ਉਥੇ ਸ੍ਰ. ਸੂਰਤ ਸਿੰਘ ਨੂੰ ਭੀ ਯਾਦ ਕੀਤਾ ਜਾਇਆ ਕਰੇਗਾ।

## ਬੇਗੋਵਾਲ ਵਿੱਚ ਰਿਹਾਇਸ਼

ਕੁੱਝ ਦਿਨ ਦਾਸ ਪਾਸ ਠਹਿਰੇ। ਫਿਰ ਆਪ ਕਹਿਣ ਲੱਗੇ ਕਿ ਸਾਡੇ ਪਾਸ ਆਵਾਜਾਈ ਬਹੁਤ ਰਹਿਣੀ ਹੈ, ਇਸ ਲਈ ਅਸੀਂ ਸ਼ਰੀਫਪੁਰੇ ਹਾਈਡ ਮਾਰਕੀਟ ਉਤੇ ਕਮਰੇ ਦਾ ਪ੍ਰਬੰਧ ਕੀਤਾ ਹੈ, ਉਥੇ ਕੁੱਝ ਦਿਨ ਠਹਿਰਾਂਗੇ। ਬੜਾ ਜ਼ੋਰ ਲਾਇਆ। ਪਰ ਕਹਿਣ ਲੱਗੇ-ਨਹੀਂ, ਤੁਹਾਨੂੰ ਖੇਚਲ ਹੋਵੇਗੀ। ਨਾ ਮੰਨੇ, ਉਥੇ ਚਲੇ ਗਏ। ਆਪ ਜੀ ਦਾ ਵਿਚਾਰ, ਗਿਆਨੀ ਹਰਚਰਨ ਸਿੰਘ ਜੀ ਦੇ ਨਾਲ ਸਲਾਹ ਮਸ਼ਵਰਾ ਉਪਰੰਤ ਇਹ ਬਣਿਆ ਕਿ ਭੁਲੱਥ ਦੇ ਇਲਾਕੇ ਵਿੱਚੋਂ ਬਹੁਤ ਸਾਰੇ ਮੁਸਲਮਾਨ ਉੱਜੜ ਕੇ ਨਿਕਲੇ ਹਨ, ਇਸ ਲਈ ਆਪਣੀ ਲੁਬਾਣਾ ਬਰਾਦਰੀ ਨੂੰ ਇਸੇ ਇਲਾਕੇ ਵਿੱਚ ਬਿਠਾਇਆ ਜਾਵੇ ਤੇ ਇੱਕ ਕੋਠੀ ਬੇਗੋਵਾਲ ਹੈ, ਉਹ ਆਪਣੇ ਲਈ ਅਲਾਟ ਕਰਵਾ ਲਈਏ। ਇਥੇ ਬੇਗੋਵਾਲ ਸਾਡੇ ਬੈਠਣ ਨਾਲ ਡੇਰੇ ਦੀ ਰੌਣਕ ਭੀ ਬਣ ਜਾਵੇਗੀ ਅਤੇ ਬਰਾਦਰੀ ਦੇ ਸਾਰੇ ਪਿੰਡ ਦਾ ਇੱਥੇ ਬੈਠਣ ਨਾਲ ਇਨ੍ਹਾਂ ਦੀ ਸਿਆਸੀ ਤਾਕਤ ਭੀ ਚੰਗੀ ਬਣ ਜਾਵੇਗੀ। ਕੱਲ੍ਹ ਨੂੰ ਜੇਕਰ ਇਲੈਕਸ਼ਨ ਲੜਨੀ ਪਈ ਤਾਂ ਭੀ ਬਰਾਦਰੀ ਦੇ ਇਕੱਠੇ ਬੈਠਣ ਨਾਲ ਸਫਲਤਾ ਮਿਲੇਗੀ।

ਇਸ ਤਰ੍ਹਾਂ ਵਿਚਾਰ ਕਰਕੇ ਆਪ ਨੇ ਕੁੱਝ ਦਿਨ ਬਾਬੇ ਬਕਾਲੇ ਆਪਣੀ ਬ੍ਰਾਦਰੀ ਦੇ ਬੁੰਗੇ ਵਿੱਚ ਰਿਹਾਇਸ਼ ਰੱਖੀ। ਫਿਰ 15 ਸਤੰਬਰ, 1947 ਨੂੰ ਆਪ ਜੀ ਬੇਗੋਵਾਲ ਪੁੱਜ ਗਏ। ਕਿਉਂਕਿ ਇਹ ਪਤਾ ਲੱਗ ਗਿਆ ਸੀ ਕਿ ਕੋਠੀ ਮੁਰਾਲੇ ਡੇਰੇ ਦੇ ਨਾਮ ਅਲਾਟ ਹੋ ਗਈ ਹੈ, ਆਪ ਜੀ ਨੇ ਆਪਣੀ ਪੱਕੀ ਰਿਹਾਇਸ਼ ਬੇਗੋਵਾਲ ਕਰ ਲਈ। ਸਭ ਤੋਂ ਪਹਿਲਾਂ ਲੰਗਰ ਦਾ ਸਮਾਨ, ਆਪ ਜੀ ਨੇ ਅੰਮ੍ਰਿਤਸਰ ਤੋਂ ਖਰੀਦਿਆਂ। ਲੋਹਾਂ, ਕੜਾਹੇ, ਥਾਲੀਆਂ, ਗਲਾਸ, ਦਰੀਆਂ, ਆਟਾ, ਦਾਲ, ਘਿਉ, ਖੰਡ ਆਦਿ ਸਭ ਸਮਾਨ ਖਰੀਦ ਕੇ ਬੇਗੋਵਾਲ ਪਹੁੰਚਾਇਆ ਤੇ ਰਾਤ ਦਿਨ ਲੰਗਰ ਤੇ ਪ੍ਰਸ਼ਾਦਾ ਛਕਣ ਅਤੇ ਰੋਜ਼ ਕੀਰਤਨ ਕਰਨਾ ਭੀ ਆਪ ਜੀ ਨੇ ਸ਼ੁਰੂ ਕਰ ਦਿੱਤਾ।

## ਉਜੜੀ ਹੋਈ ਬ੍ਰਾਦਰੀ ਨੂੰ ਵਸਾਉਣਾ

ਸੰਤ ਬਾਬਾ ਪ੍ਰੇਮ ਸਿੰਘ ਜੀ ਐਮ.ਐਲ.ਏ. ਸਨ। ਸ੍ਰ. ਈਸ਼ਰ ਸਿੰਘ ਜੀ ਮਝੈਲ ਮੁੜ-ਵਸਾਊ ਮਹਿਕਮੇ ਦੇ ਵਜ਼ੀਰ ਸਨ, ਜੋ ਮਹਾਂ ਪੁਰਖਾਂ ਦੇ ਬੜੇ ਸ਼ਰਧਾਲੂ ਸਨ ਅਤੇ ਸ੍ਰ. ਤਰਲੋਕ ਸਿੰਘ ਜੀ ਡਾਇਰੈਕਟਰ ਰੀਸੈਟਲਮੈਂਟ, ਜੋ ਬੜੇ ਚੰਗੇ ਸੁਭਾ ਦੇ ਸਨ, ਬੜੇ ਸ਼ਰਧਾਲੂ ਸਨ। ਇਹ ਪਿੱਛੋਂ ਗੁੱਜਰਾਂ ਵਾਲੇ ਦੇ ਸ੍ਰ. ਗੁਰਮੁਖ ਸਿੰਘ ਜੀ ਇਨਕਮ ਟੈਕਸ ਕਮਿਸ਼ਨਰ ਦੇ ਲੜਕੇ ਸਨ। ਇਨ੍ਹਾਂ ਦੇ ਪਿਤਾ ਨਾਲ ਦਾਸ ਦੇ ਬੜੇ ਨੇੜੇ ਦੇ ਸੰਬੰਧ ਰਹੇ ਹਨ। ਇਹ ਇੱਕ ਬਹੁਤ ਚੰਗਾ ਖਾਨਦਾਨ ਸੀ। ਸੋ ਕੁਦਰਤ ਨੇ ਮਦਦ ਕੀਤੀ ਕਿ ਬਰਾਦਰੀ ਦੇ ਬਿਠਾਉਣ ਲਈ ਸਾਰੇ ਚੰਗੇ ਸਾਧਨ ਬਣ ਗਏ। ਗਿਆਨੀ ਹਰਚਰਨ ਸਿੰਘ ਜੀ ਦੇ ਮਝੈਲ ਹੋਰਾਂ ਨਾਲ ਚੰਗੇ ਸੰਬੰਧ ਸਨ। ਉਨ੍ਹਾਂ ਮਝੈਲ ਜੀ ਨੂੰ ਕਿਹਾ ਕਿ ਸੰਤ ਮਹਾਰਾਜ ਚਾਹੁੰਦੇ ਹਨ ਕਿ ਕਪੂਰਥਲਾ ਦੀ ਤਹਿਸੀਲ ਭੁਲੱਥ ਵਿੱਚ ਅਤੇ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਵਿੱਚ ਲੁਬਾਣਾ ਬ੍ਰਾਦਰੀ ਨੂੰ ਬਿਠਾਇਆ ਜਾਵੇ। ਮਝੈਲ ਜੀ ਨੇ ਇੱਕ ਚਿੱਠੀ ਸ੍ਰ. ਤਰਲੋਕ ਸਿੰਘ ਵੱਲ ਲਿਖ ਦਿੱਤੀ। ਸ੍ਰ. ਤਰਲੋਕ ਸਿੰਘ ਨੇ ਮਨਜ਼ੂਰੀ ਦੇ ਦਿੱਤੀ ਅਤੇ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਦਸੂਹੇ ਵਿਚ ਤੇ ਭੁਲੱਥ ਵਿੱਚ ਬੈਠਣ ਦੀ ਆਗਿਆ ਹੋ ਗਈ ਹੈ ਤਾਂ ਲੋਕਾਂ ਨੇ ਧੜਾ-ਧੜ ਪਿੰਡ ਮੱਲਣੇ ਸ਼ੁਰੂ ਕਰ ਦਿੱਤੇ। ਰੋਜ਼ ਬੇਗੋਵਾਲ ਭੀ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਸੁਭਾਨਪੁਰ ਤੋਂ ਲੈ ਕੇ ਮੁਕੇਰੀਆਂ ਤੱਕ ਤਮਾਮ ਇਸ ਇਲਾਕੇ ਵਿਚ ਲੁਬਾਣਾ ਬ੍ਰਾਦਰੀ ਬੈਠ ਗਈ ਅਤੇ ਜਿੱਥੇ ਕੋਈ ਇੱਕ ਪਿੰਡ ਇਕੱਠਾ ਨਹੀਂ ਬਿਠਾ ਸਕਿਆ, ਉਥੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਰਾਤ ਦਿਨ ਇੱਕ ਕਰਕੇ ਬਰਾਦਰੀ ਦੇ ਬਹੁਤ ਸਾਰੇ ਪਿੰਡ ਇੱਕ ਇਲਾਕੇ ਵਿੱਚ ਇਕੱਠੇ ਬਿਠਾ ਦਿੱਤੇ। ਆਪ ਜੀ ਨੇ ਕਰਨਾਲ, ਅੰਬਾਲੇ ਆਦਿ ਵਿੱਚ ਜਿਹੜੇ ਬ੍ਰਾਦਰੀ ਦੇ ਲੋਕ ਬੈਠੇ ਸਨ, ਉਥੇ ਆਪ ਜਾ ਕੇ ਉਨ੍ਹਾਂ ਨੂੰ ਭੁਲੱਥ, ਕਪੂਰਥਲੇ ਵਿੱਚ ਬੈਠਣ ਲਈ ਪ੍ਰੇਰਨਾ ਕੀਤੀ ਤੇ ਕਿਹਾ ਕਿ ਅਸੀਂ ਤੁਹਾਡੀ ਹਰ ਇੱਕ ਤਰ੍ਹਾਂ ਮਦਦ ਕਰਾਂਗੇ ਤੇ ਤੁਹਾਡੀ ਪੱਕੀ ਆਲਾਟਮੈਂਟ ਕਰਵਾ ਦੇਵਾਂਗੇ। ਇਸ ਤਰ੍ਹਾਂ ਕਈ ਬਚਨ ਮੰਗ ਕੇ ਆ ਗਏ, ਕਈ ਰਹਿ ਗਏ।


ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਇਹ ਭਾਰੀ ਦੇਣ ਹੈ, ਜਿਨ੍ਹਾਂ ਨਡਾਲੇ ਤੇ ਮਿਆਣੀ ਪਠਾਨਾਂ ਵਰਗੇ ਕਸਬੇ ਲੁਬਾਣਾ ਬਰਾਦਰੀ ਲਈ ਅਲਾਟ ਕਰਾਏ, ਜਿੱਥੇ ਹੁਣ ਇੱਥੇ ਦੇ ਵਸਨੀਕ ਸੁਖ-ਪੂਰਵਕ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹ ਉਹ ਇਲਾਕਾ ਸੀ ਜਦੋਂ ਬਿਆਸ ਤੇ ਵੇਈਂ ਵਿੱਚ ਹੜ੍ਹ ਆ ਜਾਂਦਾ ਸੀ, ਪਾਣੀ ਨਾਲ ਫਸਲਾਂ ਤਬਾਹ ਹੋ ਜਾਂਦੀਆਂ ਸਨ ਤੇ ਜ਼ਮੀਨ ਬੰਜਰ ਬਣ ਜਾਂਦੀ ਸੀ। ਕੋਈ ਆਉਣ ਜਾਣ ਲਈ ਸੜਕ ਨਹੀਂ ਸੀ, ਕੋਈ ਸਾਧਨ ਨਹੀਂ ਸੀ।

**(ਚੱਲਦਾ)**

# ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ

ਦੁੱਲਾ ਭੱਟੀ ਦਾ ਸ਼ੁਮਾਰ ਪੰਜਾਬ ਦੇ ਉਨ੍ਹਾਂ ਸੂਰਮਿਆਂ ਤੇ ਬਹਾਦਰਾਂ ਵਿਚ ਹੁੰਦਾ ਏ ਜਿਨ੍ਹਾਂ ਆਪੋ ਆਪਣੇ ਵਕਤ ’ਚ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕਰਕੇ ਹਮੇਸ਼ਾ ਹਮੇਸ਼ਾ ਲਈ ਖ਼ੁਦ ਨੂੰ ਅਮਰ ਕਰ ਲਿਆ। ਸੂਰਮਾਂ ਦੁੱਲਾ ਭੱਟੀ ਰਾਜਪੂਤ ਕਬੀਲੇ ਦਾ ਜਵਾਂ ਮਰਦ ਸੀ। ਇਹ ਕਬੀਲਾ ਤਕਰੀਬਨ 700 ਸਾਲ ਪਹਿਲਾਂ ਹਿੰਦੁਸਤਾਨ ਦੇ ਜੈਸਲਮੇਰ-ਰਾਜਸਥਾਨ ਤੋਂ ਹਿਜਰਤ ਕਰਕੇ ਏਥੇ ਆ ਕੇ ਆਬਾਦ ਹੋਇਆ। ਉਸ ਵਕਤ ਏਥੇ ਸੇਹੂ ਹੰਜਰਾ ਦੀ ਮਾਲਕੀ ਸੀ ਜਿਸ ਦਾ ਸਦਰ ਮੁਕਾਮ ਬਾਰ ਦਾ ਏਹੋ ਇਲਾਕਾ ਸੀ। ਉਹਦੀ ਇਜਾਜ਼ਤ ਨਾਲ ਇਹ ਕਬੀਲਾ ਪਿੰਡੀ ਭੱਟੀਆਂ ਦੇ ਮੁਕਾਮ ’ਤੇ ਆਬਾਦ ਹੋਇਆ। ਭੱਟੀ ਕਬੀਲਾ ਰਾਜਪੂਤ ਹੋਣ ਕਾਰਨ ਜੰਗਜੂ ਆਦਤਾਂ ਰੱਖਦਾ ਸੀ ਅਤੇ ਜੰਗ ’ਚ ਜਾਨ ਵਾਰਨ ਨੂੰ ਨੇਕੀ ਸਮਝਦਾ ਸੀ। ਏਸੇ ਲਈ ਰਫ਼ਤਾ ਰਫ਼ਤਾ ਇਨ੍ਹਾਂ ਦਾ ਇਸ ਸਾਰੇ ਇਲਾਕੇ ’ਤੇ ਕਬਜ਼ਾ ਹੋ ਗਿਆ। ਅਗਲੀਆਂ ਦੋ ਤਿੰਨ ਸਦੀਆਂ ’ਚ ਭੱਟੀਆਂ ਰਾਜਪੂਤ ਏਥੇ ਬਹੁਤੇ ਥਾਵਾਂ ਦੇ ਮਾਲਕ ਬਣ ਗਏ। ਸੋਲ੍ਹਵੀਂ ਸਦੀ ਦਰਮਿਆਨ ਇਹ ਖਿੱਤਾ ਛੋਟੀਆਂ-ਛੋਟੀਆਂ ਖੁਦਮੁਖਤਿਆਰ ਰਿਆਸਤਾਂ ’ਚ ਵੰਡਿਆ ਜਾ ਚੁੱਕਾ ਸੀ। ਇਹ ਆਪਣੀ ਆਪਸੀ ਬੇਇਤਫਾਕੀ ਦੀ ਵਜ੍ਹਾ ਕਾਰਨ ਮੁਗਲ ਹਮਲਾਵਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹੇ। ਮੁਗਲ ਫੌਜਾਂ ਦਾ ਲਾਂਘਾ ਪਿੰਡੀ ਭੱਟੀਆਂ ਅਤੇ ਨਜ਼ਦੀਕੀ ਇਲਾਕਿਆਂ ਥਾਣੀ ਹੁੰਦਾ ਸੀ। ਉਸ ਜ਼ਮਾਨੇ ਵਿਚ ਜ਼ਰਾਇਤ ਜ਼ੋਰਾਂ ’ਤੇ ਨਹੀਂ ਸੀ ਅਤੇ ਬਹੁਤੀਆਂ ਜ਼ਮੀਨਾਂ ਚਰਾਂਦਾ ਤੇ ਜੰਗਲਾਂ ਹੇਠ ਸਨ। ਮੁਗਲ ਆਬਾਦੀਆਂ ’ਚ ਲੁੱਟਮਾਰ ਕਰਦੇ ਅਤੇ ਫਸਲਾਂ ਤੇ ਚਰਾਗਾਹਾਂ ਨੂੰ ਉਜਾੜ ਦਿੰਦੇ। ਆਪਣੇ ਘੋੜਿਆਂ ਤੇ ਤਮਾਮ ਲਾਉ ਲਸ਼ਕਰ ਦੇ ਜਾਨਵਰਾਂ, ਮਾਲ ਡੰਗਰਾਂ ਵਾਸਤੇ ਅਨਾਜ, ਚਾਰਾ ਤੇ ਪੈਸਾ ਟਕਾ ’ਕੱਠਾ ਕਰਕੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ। ਮੁਖਾਲਫ਼ਤ ਕਰਨ ਵਾਲਿਆਂ ਦਾ ਕਤਲੇਆਮ ਕੀਤਾ ਜਾਂਦਾ ਅਤੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਇਕ ਖਾਸ ਨੁਕਤਾ ਸੀ ਜਿਥੋਂ ਮੁਗਲਾਂ ਤੇ ਭੱਟੀਆਂ ਦਰਮਿਆਨ ਦੁਸ਼ਮਣੀ ਦਾ ਮੁੱਢ ਬੱਝਿਆ। ਦੁੱਲਾ ਭੱਟੀ ਦੇ ਦਾਦੇ ਬਿਜਲੀ ਖਾਂ ਉਰਫ਼ ਸਾਂਦਲ ਖਾਂ ਨੇ ਇਲਾਕੇ ਦੀ ਖੁਦਮੁਖਤਾਰੀ ਅਤੇ ਰਖਵਾਲੀ ਵਾਸਤੇ ਇਰਦ ਗਿਰਦ ਦੇ ਸਰਦਾਰਾਂ ਨਾਲ ਮਿਲ ਕੇ ਇਕ ਫੌਜੀ ਟੁਕੜੀ ਕਾਇਮ ਕਰਕੇ ਮੁਗਲ ਹਾਕਮਾਂ ਖਿਲਾਫ਼ ਛਾਪਾ ਮਾਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਬਿਜਲੀ ਖਾਂ ਤੇ ਉਹਦੇ ਪੁੱਤਰ ਫਰੀਦ ਖਾਂ ਦੀ ਬਹਾਦਰੀ ਤੇ ਜਵਾਂਮਰਦੀ ਦਾ ਡੰਕਾ ਪੂਰੇ ਇਲਾਕੇ ’ਚ ਵੱਜਣ ਲੱਗਾ। ਆਖਰਕਾਰ ਮੁਗਲ ਬਿਜਲੀ ਖਾਂ ਤੇ ਫਰੀਦ ਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਗਏ। ਇਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦੇ ਤਖ਼ਤੇ ’ਤੇ ਲਟਕਾ ਦਿੱਤਾ। ਦੁੱਲੇ ਭੱਟੀ ਦੀਆਂ ਰਗਾਂ ਵਿਚ ਇਨ੍ਹਾਂ ਦਾ ਹੀ ਖ਼ੂਨ ਦੌੜ ਰਿਹਾ ਸੀ।

ਦੁੱਲੇ ਭੱਟੀ ਦੀ ਪੈਦਾਇਸ਼ ਸਨ 1547 ਈ. ਵਿਚ ਪਿੰਡੀ ਭੱਟੀਆਂ ਤੋਂ ਚੰਦ ਕੋਹ ਦੂਰ ਦਰਿਆ ਚਨ੍ਹਾਬ ਦੇ ਕਿਨਾਰੇ ਮੁਕਾਮ ਚੂਚਕ ਦੇ ਕਰੀਬੀ ਪਿੰਡ ਬਦਰ ’ਚ ਹੋਈ। ਦਰਅਸਲ ਇਹ ਮੁਕਾਮ ਉਸ ਦੌਰ ’ਚ ਦਰਿਆ ਦੇ ਆਰ-ਪਾਰ ਤਜ਼ਾਰਤ ਕਰਨ ਤੇ ਮੁਸਾਫਰਾਂ ਦੀ ਆਮਦੋ ਰਫ਼ਤ ਲਈ ਇਸਤੇਮਾਲ ਹੁੰਦਾ ਸੀ। ਚੂਚਕ ਭੀ ਦੁੱਲਾ ਭੱਟੀ ਦੇ ਖਾਨਦਾਨ ’ਚੋਂ ਸੀ ਇਸ ਤੋਂ ਬਾਅਦ ਭੱਟੀ ਦੀ ਚੌਥੀ ਪੁਸ਼ਤ ਵਿਚ ‘ਅਉਦ’ ਸੀ। ਅਉਦ ਦੇ 14 ਬੇਟਿਆਂ ’ਚੋਂ ਇਕ ਤਲਹਾਰਾ ਸੀ ਤੇ ਚੂਚਕ ਉਹਦਾ ਪੁੱਤਰ ਸੀ। ਚੂਚਕ ਦੇ ਤਿੰਨ ਬੇਟੇ ਨਸੀਓ, ਬਦਰ ਤੇ ਵਾਰਿਸ ਸਨ। ਇਹ ਤਿੰਨੇ ਪਹਿਲਾਂ ਬਦਰ ਪਿੰਡ ’ਚ ਈ ਰਹਿੰਦੇ ਸਨ ਜੋ ਮੁਗਲ ਦੌਰ ਵਿਚ ਮੌਜੂਦ ਪਿੰਡ ਚੂਚਕ ਅਤੇ ਬਹਿਲੋਲੀਵਰ ਦੇ ਦਰਮਿਆਨ ਫਤੂਆਣਾ ਤੇ ਤੂਤਵਾਲਾ ਦੇ ਮੁਕਾਮ ਪੁਰ ਸੀ। ਪਿੰਡ ਬਦਰ ਜਦੋਂ ਦਰਿਆ ਬੁਰਦ ਹੋਣ ਲੱਗਾ ਤਾਂ ਇਥੋਂ ਦੇ ਬਸ਼ਿੰਦੇ ਇਥੋਂ ਉੱਠ ਕੇ ਰੋਹੀਵਾਲਾ ਖੂਹ ਵਾਲੀ ਜੂਹ ਮੌਜੂਦਾ ਪਿੰਡ ਚੂਚਕ ਵਿਚ ਆ ਵਸੇ ਤੇ ਬਦਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਦੁੱਲਾ ਭੱਟੀ ਦਾ ਖਾਨਦਾਨ ਅਸਲ ਵਿਚ ਪਿੰਡੀ ਭੱਟੀਆਂ ’ਚ ਆਬਾਦ ਸੀ। ਇਨ੍ਹਾਂ ਦੀ ਮਾਂ ਲੱਧੀ ਦਰਿਆਓਂ ਪਾਰ ਚਲਿਓਟ ਇਲਾਕੇ ਨਾਲ ਤੁਅੱਲਕ ਰੱਖਦੀ ਸੀ। ਜਦੋਂ ਅੰਮਾਂ ਲੱਧੀ ਨੇ ਦੁੱਲੇ ਨੂੰ ਜਨਮ ਦਿੱਤਾ ਤਾਂ ਉਹ ਦਰਿਆਓਂ ਪਾਰ ਜਾਣ ਲਈ ਬੇੜੀ ’ਚ ਸਵਾਰ ਸੀ। ਪੈਦਾਇਸ਼ ਦੇ ਵਕਤ ਦਾਈ ਨੇ ਦੁੱਲੇ ਦੇ ਜਿਸਮ ਤੇ ਇਕ ਨਿਸ਼ਾਨ ਦੇਖਿਆ ਤੇ ਉਹਦੀ ਮਾਂ ਨੂੰ ਕਿਹਾ ਕਿ ਇਹ ਬੱਚਾ ਤਾਰੀਖ ਵਿਚ ਆਪਣਾ ਨਾਂ ਚਮਕਾਵੇਗਾ ਅਤੇ ਇਹ ਬਹੁਤ ਦਲੇਰ ਤੇ ਨਿਡਰ ਹੋਵੇਗਾ। ਬਾਅਦ ’ਚ ਇਹ ਗੱਲ ਸੱਚੀ ਸਾਬਤ ਹੋਈ ਕਿਉਂ ਜੋ ਦੁੱਲੇ ਭੱਟੀ ਨੇ ਅਕਬਰਸ਼ਾਹੀ ਨੂੰ ਪੰਜਾਬ ਦੀ ਧਰਤੀ ਤੋਂ ਵੰਗਾਰਿਆ ਤੇ ਆਪਣੀ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਦੁੱਲੇ ਦਾ ਨਾਂ ਪੰਜਾਬ ਦੀ ਸ਼ਖਾਵਤੀ ਜ਼ਿੰਦਗੀ ਵਿਚ ਬਹਾਦਰੀ ਤੇ ਨਿਡਰਤਾ ਦੀ ਅਲਾਮਤ ਬਣ ਕੇ ਸਾਹਮਣੇ ਆਇਆ।




ਜਦੋਂ ਦੁੱਲਾ ਭੱਟੀ ਜਵਾਨ ਹੋਇਆ ਤਾਂ ਪਰਥਾ ਜੱਟ, ਦਾਦੂ ਡੋਗਰ,

ਜਮਾਲ ਖਾਂ, ਸਰਮਚੋ ਜੌੜਾ, ਕਲਾਬਰ ਵਾਲਾ, ਸੱਲ ਮਿਰਾਸੀ, ਦਉਲਾ ਕੂਲਾ ਅਤੇ ਖਾਬਨਾ ਵਜੀਰਾ ਇਸ ਦੇ ਕਰੀਬੀ ਸਾਥੀ ਸਨ। ਇਨ੍ਹਾਂ ਦੇ ਸੰਗ ਸਾਥ 'ਚ ਹੀ ਦੁੱਲੇ ਦੀਆਂ ਮਹਿਫਲਾਂ ਗਰਮ ਰਹਿੰਦੀਆਂ ਸਨ। ਇਹਨੇ ਆਪਣੀ ਜੰਗੀ ਤਾਕਤ 'ਚ ਵਾਧੇ ਦੇ ਨਾਲ ਆਪਣੇ ਅਸਰ ਰਸੂਖ ਹੇਠਲੇ ਇਲਾਕਿਆਂ ਵਿਚ ਵੀ ਵਾਧਾ ਕੀਤਾ। ਇਲਾਕੇ ਦੇ ਸੈਂਕੜੇ ਸਰਦਾਰ ਇਨ੍ਹਾਂ ਨਾਲ ਰਲ ਗਏ ਅਤੇ ਇਸ ਇਲਾਕੇ ਵਿਚ ਮੁਗਲਾਂ ਦਾ ਕੋਈ ਵੀ ਕਾਫਲਾ ਨਾ ਆ ਸਕਦਾ ਸੀ ਤੇ ਨਾ ਜਾ ਸਕਦਾ ਸੀ। ਉਸ ਜ਼ਮਾਨੇ ਵਿਚ ਹਿੰਦੁਸਤਾਨ ਦਾ ਕਿਸਾਨ ਬੇਹੱਦ ਮੁਸ਼ਕਲ ਜ਼ਿੰਦਗੀ ਗੁਜ਼ਾਰਦਾ ਸੀ। ਉਹਦੇ ਲਈ ਜਿਸਮ ਤੇ ਜਾਨ ਦਾ ਰਿਸ਼ਤਾ ਬਰਕਰਾਰ ਰੱਖਣਾ ਬਹੁਤ ਮੁਸ਼ਕਲ ਸੀ। ਜਦੋਂ ਕਿ ਹੁਕਮਰਾਨ ਸਹਿਜ਼ਾਦੇ ਅਤੇ ਜਾਗੀਰਦਾਰ ਐਸ਼ ਅਰਾਮ ਤੇ ਮੌਜਾਂ ਮਸਤੀਆਂ ਭਰੀਆਂ ਜ਼ਿੰਦਗੀਆਂ ਜੀਉ ਰਹੇ ਸਨ। ਅਕਸਰ ਹੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਮਾਲ ਡੰਗਰ ਉਨ੍ਹਾਂ ਕੋਲੋਂ ਮਨਮਰਜ਼ੀ ਤੇ ਧੱਕੇ ਨਾਲ ਖੋਹ ਲਏ ਜਾਂਦੇ। ਕਿਸਮਤ ਮਾਰਿਆਂ ਨੂੰ ਸਰਕਾਰ ਵਾਸਤੇ ਬਗੈਰ ਕਿਸੇ ਇਵਜ਼ਾਨੇ ਉਜਰਤ ਤੋਂ ਮੁਸ਼ੱਕਤ ਤੇ ਬੇਗਾਰ ਕਰਨੀ ਪੈਂਦੀ। ਜਦੋਂ ਵੀ ਕਿਸੇ ਬਾਦਸ਼ਾਹ ਨੇ ਕੋਈ ਨਵਾਂ ਕਿਲਾ ਤਾਮੀਰ ਕਰਨਾ ਹੁੰਦਾ ਜਾਂ ਸ਼ਹਿਰ ਵਸਾਉਣਾ ਹੁੰਦਾ ਤਾਂ ਪੇਂਡੂ ਇਲਾਕੇ ਦੇ ਹਰ ਇਕ ਜੀਅ ਨੂੰ ਉਸਾਰੀ ਦੇ ਕੰਮ ਵਿਚ ਬਗੈਰ ਕਿਸੇ ਮੇਹਨਤਾਨੇ ਦੇ ਬੇਗਾਰ ਜਾਂ ਔਖੀ ਮੁਸ਼ੱਕਤ ਕਰਨੀ ਪੈਂਦੀ। ਆਮ ਕਿਸਾਨ ਇਸ ਸੂਰਤ ਹਾਲ ਤੋਂ ਬਹੁਤ ਤੰਗ ਆ ਚੁੱਕਿਆ ਸੀ। ਉਹ ਬਗਾਵਤ ਦੀਆਂ ਬਰੂਹਾਂ 'ਤੇ ਖੜ੍ਹਾ ਸੀ। ਉਹਨੂੰ ਸਿਰਫ਼ ਅਗਵਾਈ ਦੀ ਲੋੜ ਸੀ। ਪੰਜਾਬ ਵਿਚ ਉਹਨੂੰ ਅਜਿਹੇ ਆਗੂ ਮਿਲ ਗਏ ਜਿਨ੍ਹਾਂ ਨੇ ਸਰਕਾਰੀ/ਸ਼ਾਹੀ ਕਾਫਲਿਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਕ ਵਾਰ ਅਜਿਹਾ ਹੀ ਇਕ ਕਾਫਲਾ ਜਿਸ ਕੋਲ ਕਾਫੀ ਕੀਮਤੀ ਸਮਾਨ ਤੇ ਨਕਦਨਾਮਾ ਸੀ ਇਸ ਇਲਾਕੇ ਵਿਚ ਆ ਦਾਖਲ ਹੋਇਆ। ਇਹਦੇ ਉੱਤੇ ਦੁੱਲਾ ਭੱਟੀ ਦੇ ਲਸ਼ਕਰ ਨੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਮੁਗਲ ਲਸ਼ਕਰ ਹੈਰਾਨ ਹੋ ਗਿਆ। ਇਸ ਕਾਫਲੇ ਦਾ ਸਰਦਾਰ ਮੁਗ਼ਲ ਦਰਬਾਰੀ ਅਮੀਰ ਬੇਗ ਮਾਨਕੇਰਾ ਸੀ ਜਿਸ ਦਾ ਸਿਰ ਕਲਮ ਕਰਕੇ ਦੁੱਲਾ ਭੱਟੀ ਨੇ ਮੇਦੇ ਖੱਤਰੀ ਦੇ ਹੱਥ ਮੁਗ਼ਲ ਦਰਬਾਰ ਵਿਚ ਭੇਜ ਦਿੱਤਾ। ਨਾਲ ਈ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੋਹਫ਼ਾ ਦੁੱਲੇ ਭੱਟੀ ਵੱਲੋਂ ਹੈ।

ਦੁੱਲਾ ਭੱਟੀ ਸ਼ਾਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਦਾ ਫਰਜ਼ੰਦ ਹੈ। ਬੇਸ਼ੱਕ ਅਕਬਰ ਬਾਦਸ਼ਾਹ ਦੇ ਸਮੇਂ ਦੇ ਲਿਖਤੀ ਰਿਕਾਰਡ ਵਿਚ ਇਹਦਾ ਕਿਤੇ ਵੀ ਜ਼ਿਕਰ ਨਹੀਂ, ਅਤੇ ਨਾ ਹੀ ਇਹਦੀ ਸ਼ਹਾਦਤ ਬਾਬਤ ਕੋਈ ਸਬੂਤ ਮਿਲਦੇ ਹਨ ਪਰੰਤੂ ਲੋਕ ਰਿਵਾਇਤਾਂ ਵਿਚ ਇਸ ਘਟਨਾ ਨੂੰ ਲੰਘੀਆਂ ਚਾਰ ਸਦੀਆਂ ਤੋਂ ਲਗਾਤਾਰ ਬਿਆਨ ਕੀਤਾ ਜਾਂਦਾ ਰਿਹਾ ਹੈ। ਮੁਗ਼ਲ ਦਰਬਾਰ ਵਾਸਤੇ ਇਹ ਇਕ ਵੰਗਾਰ ਸੀ। ਮਿਰਜਾ ਨਿਜ਼ਾਮੂਦੀਨ ਨੂੰ ਬਾਰਾਂ ਹਜ਼ਾਰ ਫੌਜ ਅਤੇ ਜੰਗੀ ਸਾਜ਼ ਸਮਾਨ ਦੇ ਕੇ ਬਾਦਸ਼ਾਹ ਵੱਲੋਂ ਦੁੱਲਾ ਭੱਟੀ ਦੀ ਸਖ਼ਤੀ ਨਾਲ ਗ੍ਰਿਫ਼ਤਾਰੀ ਕਰਨ ਲਈ ਭੇਜਿਆ ਗਿਆ। ਨਿਜ਼ਾਮੂਦੀਨ ਦੀ ਫੌਜ ਨੇ ਜਦੋਂ ਪਿੰਡੀ ਭੱਟੀਆਂ 'ਤੇ ਹਮਲਾ ਕੀਤਾ ਉਸ ਵਕਤ ਦੁੱਲਾ ਆਪਣੇ ਨਾਨਕੇ ਚਨਿਉਟ ਗਿਆ ਹੋਇਆ ਸੀ। ਇਹਦੀ ਗ਼ੈਰ ਹਾਜ਼ਰੀ ਵੇਲੇ ਦੁੱਲਾ ਭੱਟੀ ਦੇ ਬੇਟੇ ਨੂਰ ਖਾਂ ਅਤੇ ਰਿਸ਼ਤੇ ਵਿਚੋਂ ਭਰਾ ਲਗਦੇ ਸਰਪੋਸ਼ਤੀ (ਮੇਹਰੂ) ਨੇ ਆਖਰੀ ਦਮ ਤੱਕ ਜੰਗ ਵਿਚ ਮੁਕਾਬਲਾ ਕੀਤਾ। ਆਖਰਕਾਰ ਪਿੰਡੀ ਭੱਟੀਆਂ ਵਾਲੇ ਹਾਰ ਗਏ, ਦੁੱਲਾ ਭੱਟੀ ਦੀ ਧੀ ਬਖ਼ਤੁਨਿਸ਼ਾ (ਬਖਤੋ) ਮਾਰੀ ਗਈ, ਮਾਂ ਲੱਧੀ ਤੇ ਦੋਨੋਂ ਬੀਵੀਆਂ ਫੁਲਰਾਂ ਅਤੇ ਨੂਰਾਂ ਨਜ਼ਰਬੰਦ ਕਰ ਲਈਆਂ ਗਈਆਂ। ਜਦੋਂ ਇਨ੍ਹਾਂ ਕੈਦੀਆਂ ਨੂੰ ਲਾਹੌਰ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਦੁੱਲੇ ਦੇ ਦੋਸਤ ਰੁੜੇ ਜੱਟ ਨੇ ਇਨ੍ਹਾਂ ਨੂੰ ਦੇਖਿਆ। ਉਹ ਤੇਜ਼ ਰਫ਼ਤਾਰ ਘੋੜਾ ਭਜਾ ਕੇ ਚਨਿਓਟ ਜਾ ਪਹੁੰਚਿਆ ਅਤੇ ਦੁੱਲਾ ਭੱਟੀ ਨੂੰ ਸੂਰਤ-ਹਾਲ ਤੋਂ ਜਾਣੂੰ ਕਰਵਾਇਆ। ਉਹਨੇ ਦੱਸਿਆ ਕਿ ਮੁਗ਼ਲਾਂ ਨੇ ਪਿੰਡੀ ਭੱਟੀਆਂ ਨੂੰ ਢਾਹ ਕੇ ਮਿੱਟੀ ਵਿਚ ਮਿਲਾ ਦਿੱਤਾ ਗਿਆ ਹੈ। ਤੇਰੀ ਮਾਂ ਲੱਧੀ ਅਤੇ ਧੀ ਸਲੀਮੋ ਤੇ ਬੇਟੇ ਨੂਰ ਖਾਂ ਨੂੰ ਮੁਗ਼ਲ ਫੌਜ ਫੜ ਕੇ ਲੈ ਗਈ ਹੈ। ਉਨ੍ਹਾਂ ਨੇ ਤੇਰੀ ਬਹੂ ਰਾਣੀ ਫੁਲਰਾਂ ਨੂੰ ਵੀ ਬੰਨ੍ਹ ਲਿਆ ਹੈ।

ਇਸ ਦੌਰਾਨ ਮੁਗ਼ਲ ਫੌਜ ਕੈਦੀਆਂ ਨੂੰ ਲੈ ਕੇ ਪਿੰਡੀ ਲਾਲ ਖਾਂ ਆ ਗਈ ਤੇ ਆਪਣਾ ਡੇਰਾ ਲਾ ਲਿਆ। ਬਾਰ ਦੇ ਇਸ ਸਰਹੱਦੀ ਇਲਾਕੇ ਦੇ ਸਰਦਾਰ ਲਾਲ ਖਾਂ ਦੀ ਜ਼ਮੀਰ ਨੇ ਇਹ ਬਰਦਾਸ਼ਤ ਨਾ ਕੀਤਾ ਕਿ ਦੁੱਲਾ ਭੱਟੀ ਦੇ ਪਰਿਵਾਰ ਦੀਆਂ ਔਰਤਾਂ ਮੁਗ਼ਲ ਦਰਬਾਰ ਵਿਚ ਜ਼ਲੀਲ ਤੇ ਸ਼ਰਮਿੰਦੀਆਂ ਕੀਤੀਆਂ ਜਾਣ। ਉਹ ਮੁਗ਼ਲ ਫੌਜ ਦੇ ਸਾਹਮਣੇ ਡੱਟ ਗਿਆ। ਦੂਜੇ ਪਾਸਿਓਂ ਦੁੱਲਾ ਭੱਟੀ ਵੀ ਲਸ਼ਕਰ ਲੈ ਕੇ ਜੰਗ ਦੇ ਮੈਦਾਨ ਵਿਚ ਆ ਪਹੁੰਚਿਆ। ਉਸ ਦੇ ਨਾਲ ਉਹਦੇ ਮਾਮੇ ਰਹਿਮਤ ਖਾਂ ਨੇ ਵੀ ਆਪਣੇ ਘੋੜ ਸਵਾਰ ਭੇਜੇ। ਦੁੱਲਾ ਭੱਟੀ ਨੇ ਜ਼ਬਰਦਸਤ ਜੰਗ ਕੀਤੀ ਜਿਸ ਨਾਲ ਮੁਗ਼ਲ ਫੌਜ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡੀ ਗਈ। ਲਗਦਾ ਸੀ ਕਿ ਮਿਰਜ਼ਾ ਨਿਜ਼ਾਮੂਦੀਨ ਦਾ ਸਿਰ ਛੇਤੀ ਹੀ ਧੜ ਨਾਲੋਂ ਵੱਖ ਹੋ ਜਾਵੇਗਾ ਪਰ ਮਿਰਜ਼ੇ ਨੇ ਬੜੀ ਚਲਾਕੀ ਨਾਲ ਆਪਣਾ ਸਿਰ ਦੁੱਲਾ ਭੱਟੀ ਦੀ ਮਾਂ ਲੱਧੀ ਦੇ ਪੈਰਾਂ ਉੱਤੇ ਰੱਖ ਕੇ ਰਹਿਮ ਦੀ ਦਰਖ਼ਾਸਤ ਕੀਤੀ। ਦੁੱਲੇ ਭੱਟੀ ਨੇ ਮਾਂ ਦੇ ਆਖਣ 'ਤੇ ਆਪਣੀ ਤਲਵਾਰ ਮਿਆਨ ਵਿਚ ਪਾ ਲਈ ਅਤੇ ਇੰਝ ਨਿਜ਼ਾਮੂਦੀਨ ਦੀ ਜਾਨ ਬਖਸ਼ੀ ਗਈ। ਪਰ ਇਸ ਮਕਾਰ ਨੇ ਮੌਕਾ ਮਿਲਦੇ ਹੀ ਖੁਫੀਆਂ ਫੌਜ ਦੀ ਮੱਦਦ ਨਾਲ ਦੁੱਲੇ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮੌਕੇ ਵੀ ਦੁੱਲੇ ਨੇ ਜਵਾਂ ਮਰਦੀ ਵਿਖਾਉਂਦਿਆਂ ਕਈਆਂ ਦੇ ਸਿਰ ਧੜ ਨਾਲੋਂ ਵੱਖ ਕੀਤੇ।

ਆਖਰਕਾਰ ਦੁੱਲੇ ਨੂੰ ਲਾਹੌਰ ਦਰਬਾਰ ਵਿਚ ਲਿਜਾਇਆ ਗਿਆ ਅਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ 26 ਮਾਰਚ 1589 ਨੂੰ ਮੁਹੱਲਾ ਨਖ਼ਾਸ ਚੌਂਕ (ਲੰਡਾ ਬਾਜ਼ਾਰ) ਦੇ ਨੇੜੇ ਨੌਂ ਲੱਖਾ ਬਜ਼ਾਰ ਵਿਚ ਸੂਲੀ ਉੱਤੇ ਟੰਗ ਦਿੱਤਾ ਗਿਆ। ਇਕ ਰਵਾਇਤ ਮੁਤਾਬਕ ਜਦੋਂ ਦੁੱਲੇ ਨੂੰ ਸੂਲੀ ਉੱਤੇ ਟੰਗਿਆ ਜਾ ਰਿਹਾ ਸੀ ਤਾਂ ਉਥੇ ਮਸ਼ਹੂਰ ਸੂਫ਼ੀ ਸ਼ਾਹ ਹੁਸੈਨ ਵੀ ਆਏ। ਉਨ੍ਹਾਂ ਨੇ ਝੂਮ ਝੂਮ ਕੇ ਅਜਿਹੀਆਂ ਰਮਜ਼ਾਂ ਭਰੀਆਂ ਕਾਫੀਆਂ ਪੜ੍ਹੀਆਂ ਜੋ ਕਿਆਮਤ ਤੱਕ ਪੱਥਰਾਂ 'ਤੇ ਉਲੀਕੀਆਂ ਗਈਆਂ। ਦੁਲਾ ਭੱਟੀ ਦੀ ਸਾਰੀ ਜੱਦੋ-ਜਹਿਦ ਕਿਸਾਨਾਂ ਉੱਤੇ ਢਾਏ ਜਾਣ ਵਾਲੇ ਜ਼ੁਲਮਾਂ ਤੇ ਜ਼ਬਰਾਂ ਦੇ ਖਿਲਾਫ਼ ਸੀ। ਸਿੱਟਾ ਇਹ ਕਿ ਦੁੱਲਾ ਭੱਟੀ ਪੰਜਾਬ ਦਾ ਇਕ ਅਜਿਹਾ ਕਿਰਦਾਰ ਹੈ ਜਿਸ ਨੇ ਜਾਨ ਵਾਰ ਕੇ ਪੰਜਾਬ ਦੀ ਅਣਖ਼ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਜ਼ਮਾਨਾ ਇਸ ਨੂੰ ਭੁਲਾ ਸਕਿਆ। ਅੱਜ ਤੱਕ ਜ਼ੁਲਮ ਦੇ ਖਿਲਾਫ਼ ਲੜਨ ਵਾਲਾ ਦੁੱਲਾ ਭੱਟੀ ਪੰਜਾਬੀਆਂ ਦੇ ਜ਼ਹਿਨਾਂ ਵਿਚ ਰੋਜ਼ੇ ਰੋਸ਼ਨ ਦੀ ਤਰ੍ਹਾਂ ਕਾਇਮ ਹੈ।

ਦੁੱਲੇ ਭੱਟੀ ਦਾ ਕਿਰਦਾਰ ਸੁੰਦਰ ਮੁੰਦਰੀਏ ਦੀ ਦਾਸਤਾਨ ਦੇ ਹਵਾਲੇ ਨਾਲ ਵੀ ਇਕ ਗ਼ੈਰਤਮੰਦ ਤੇ ਬਹਾਦਰ ਪੰਜਾਬੀ ਦੀ ਗਵਾਹੀ ਦਿੰਦਾ ਹੈ। ਸੁੰਦਰ ਮੁੰਦਰੀ ਗਰੀਬ ਅਤੇ ਜ਼ਰੂਰਤਮੰਦ ਹਿੰਦੂ ਮੂਲ ਚੰਦ ਦੀ ਧੀ ਸੀ। ਉਹ ਪਿੰਡੀ ਭੱਟੀਆਂ ਦੇ ਨੇੜਲੇ ਪਿੰਡ ਕੋਟ ਨੱਕਾ ਦਾ ਰਹਿਣ ਵਾਲਾ ਸੀ। ਉਥੇ ਦੇ ਮੁਸਲਮਾਨ ਜਗੀਰਦਾਰ ਨੇ ਸੁੰਦਰ ਮੁੰਦਰੀ ਨਾਲ ਜ਼ਬਰਦਸਤੀ ਸ਼ਾਦੀ ਕਰਨੀ ਚਾਹੀ ਤਾਂ ਉਸ ਦਾ ਬਾਪ ਮੂਲ ਚੰਦ ਫਰਿਆਦ ਲੈ ਕੇ ਦੁੱਲੇ ਭੱਟੀ ਕੋਲ ਗਿਆ।

ਮੂਲ ਚੰਦ ਨੂੰ ਪਤਾ ਸੀ ਕਿ ਦੁੱਲਾ ਭੱਟੀ ਗਰੀਬਾਂ ਦਾ ਰਖਵਾਲਾ ਹੈ ਅਤੇ ਉਹ ਸਰਕਾਰੀ ਖਜ਼ਾਨੇ ਲੁੱਟ ਕੇ ਗਰੀਬਾਂ, ਮਸਕੀਨਾ ਤੇ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਦੁੱਲਾ ਸਭ ਨੂੰ ਇਕੋ ਨਜ਼ਰ ਨਾਲ ਵੇਖਦਾ ਸੀ।

ਦੁੱਲਾ ਭੱਟੀ ਨੇ ਮੂਲ ਚੰਦ ਨੂੰ ਤਸੱਲੀ ਦਿੱਤੀ ਤੇ ਕਿਹਾ ਕਿ ਸੁੰਦਰ ਮੁੰਦਰੀ ਤੇਰੀ ਹੀ ਨਹੀਂ ਮੇਰੀ ਵੀ ਧੀ ਹੈ। ਮੈਨੂੰ ਇਹਦਾ ਹਕੀਕੀ ਪਿਓ ਸਮਝ ਤੇ ਮੈਂ ਇਹਦੀ ਸ਼ਾਦੀ ਕਿਸੇ ਚੰਗੇ ਹਿੰਦੂ ਲੜਕੇ ਨਾਲ ਕਰਵਾ ਦੇਵਾਂਗਾ। ਉਹਨੇ ਮੂਲ ਚੰਦ ਨੂੰ ਵਿਦਾ ਕਰਦਿਆਂ ਕਿਹਾ ਕਿ ਮੁਸਲਮਾਨ ਜ਼ਿਮੀਂਦਾਰ ਨੂੰ ਹਾਂ ਕਰਕੇ ਬਰਾਤ ਲਿਆਉਣ ਲਈ ਸੁਨੇਹਾ ਭੇਜ ਦਿਓ। ਮੈਂ ਸ਼ਾਦੀ ਵਾਲੇ ਦਿਨ ਖ਼ੁਦ ਉਥੇ ਆਵਾਂਗਾ। ਉਧਰ ਦੁੱਲਾ ਭੱਟੀ ਨੇ ਸਾਂਗਲਾ ਹਿੱਲ ਇਲਾਕੇ ਦੇ ਇਕ ਹਿੰਦੂ ਮੁੰਡੇ ਨਾਲ ਸੁੰਦਰ ਮੁੰਦਰੀ ਦਾ ਰਿਸ਼ਤਾ ਤੈਅ ਕਰਕੇ ਉਨ੍ਹਾਂ ਨੂੰ ਵੀ ਉਸੇ ਦਿਨ ਬਰਾਤ ਲਿਆਉਣ ਲਈ ਆਖ ਦਿੱਤਾ। ਜਦੋਂ ਜ਼ਿਮੀਂਦਾਰ ਸੱਜ ਧੱਜ ਕੇ ਬਰਾਤ ਸਮੇਤ ਮੂਲ ਚੰਦ ਦੇ ਘਰ ਪਹੁੰਚਿਆ ਤਾਂ ਦੁੱਲਾ ਭੱਟੀ ਦੇ ਸ਼ੇਰ ਜਵਾਨਾਂ ਨੇ ਉਹਨੂੰ ਦਬੋਚ ਲਿਆ ਅਤੇ ਸਾਰੇ ਬਰਾਤੀਆਂ ਦੀ ਲੰਮਿਆਂ ਪਾ ਕੇ ਖ਼ੂਬ ਛਤਰੌਲ ਕੀਤੀ। ਇੰਨੇ ਨੂੰ ਸਾਂਗਲੇ ਵਾਲਿਆਂ ਦੀ ਬਰਾਤ ਵੀ ਪਹੁੰਚ ਗਈ ਤੇ ਦੁੱਲਾ ਖ਼ੁਦ ਵੀ ਆ ਗਿਆ ਜਦ ਮੁੰਡੇ ਕੁੜੀ ਦੇ ਫੇਰੇ ਹੋਣ ਲੱਗੇ ਤਾਂ ਦੁੱਲਾ ਭੱਟੀ ਨੇ ਹਿੰਦੂ ਰੀਤੀ ਰਿਵਾਜ਼ ਮੁਤਾਬਕ ਬਾਪ ਦੀ ਜ਼ਿੰਮੇਵਾਰੀ ਨਿਭਾਈ। ਕੁੜੀ ਨੂੰ ਲਾਲ ਰੰਗ ਦਾ ਸਾਲੂ, ਉਹਦੇ ਵਿਚ ਗੁੜ ਦੀ ਰੋੜੀ ਰੱਖ ਕੇ ਤੋਹਫ਼ੇ ਵਜੋਂ ਦਿੱਤੀ। ਇਹ ਮੰਜ਼ਰ ਉਸ ਵੇਲੇ ਆਪਣੀ ਮਿਸਾਲ ਆਪ ਹੀ ਸੀ। ਪਿੰਡ ਵਾਲਿਆਂ ਨੇ ਤਾਂ ਖ਼ੁਦ ਵੇਖਿਆ ਤੇ ਆਲੇ ਦੁਆਲੇ ਜਦੋਂ ਪਤਾ ਲੱਗਾ ਤਾਂ ਸਾਰੇ ਨੱਚ ਉੱਠ ਕੇ ਗਾਉਣ ਲੱਗੇ। ਉਹ ਭਰ ਸਰਦੀ ਦੇ ਕੜਾਕੇ ਵਾਲੇ ਦਿਨ ਸਨ ਪਰ ਉਨ੍ਹਾਂ ਦੇ ਗੀਤਾਂ ਨੇ ਗਰਮੀ ਪੈਦਾ ਕਰ ਦਿੱਤੀ। ਅੱਜ ਵੀ ਲੋਹੜੀ ਦੇ ਮੌਕੇ ਇਹ ਗੀਤ ਗਾਇਆ ਜਾਂਦਾ ਹੈ।

ਸੁੰਦਰ ਮੁੰਦਰੀਏ...ਹੋ
ਤੇਰਾ ਕੌਣ ਵਿਚਾਰਾ...ਹੋ
ਦੁੱਲਾ ਭੱਟੀ ਵਾਲਾ...ਹੋ
ਦੁੱਲੇ ਧੀ ਵਿਆਹੀ...ਹੋ
ਸ਼ੇਰ ਸ਼ੱਕਰ ਪਾਈ...ਹੋ

ਜਿਥੋਂ ਤੱਕ ਦੁੱਲਾ ਭੱਟੀ ਦੇ ਖਾਨਦਾਨ ਤੇ ਉਹਦੀ ਔਲਾਦ ਦਾ ਤੁਅੱਲਕ ਹੈ ਉਹ ਖ਼ੁਦ ਬਿਜਲੀ ਖਾਂ ਉਰਫ਼ ਸਾਂਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਭੱਟੀ ਦਾ ਪੁੱਤਰ ਸੀ। ਬਿਜਲੀ ਖਾਂ ਹੋਰੀ ਤਿੰਨ ਭਰਾ ਸਨ ਫਤਹਿ ਖਾਂ, ਪਿਰੌਜੇ ਖਾਂ ਤੇ ਰਾਅ ਉਸਮਾਨ ਖਾਂ। ਇਨ੍ਹਾਂ ਵਿਚੋਂ ਫਤਹਿ ਖਾਂ ਦੀ ਔਲਾਦ ਪਿੰਡੀ ਭੱਟੀਆਂ ਦੇ ਨਜ਼ਦੀਕੀ ਪਿੰਡ ਫਤਹਿ ਵਿਚ ਵੱਸਦੀ ਹੈ, ਰਾਅ ਉਸਮਾਨ ਦੀ ਔਲਾਦ ਨੇ ਪਹਿਲਾ ਪਿੰਡ ਠੱਠਾ ਰਾਏ ਆਬਾਦ ਕੀਤਾ। ਪਿਛੋਂ ਲਾਹੌਰ ਦੇ ਪਿੰਡ ਮਿਰਖ ਕਲਾਂ, ਮਿਰਖ ਖ਼ੁਰਦ ਅਤੇ ਮਿਹਰਵਾਲਾ ਵਿਚ ਜਾ ਵੱਸੇ। ਪਿਰੌਜੇ ਦੀ ਔਲਾਦ ਦੁੱਲੇ ਕੀ ਪਿੰਡ ਵਿਚ ਆਬਾਦ ਹੈ।

ਬਿਜਲੀ ਖਾਂ ਦੇ ਤਿੰਨ ਪੁੱਤਰ ਫਰੀਦ ਖਾਂ, ਪਰਾਣਾ ਅਤੇ ਸ਼ੇਖੂ ਸਨ। ਇਨ੍ਹਾਂ 'ਚੋਂ ਪਰਾਨਾ ਨੇ ਪਿੰਡੀ ਭੱਟੀਆਂ ਦੇ ਚੜ੍ਹਦੇ ਪਾਸੇ ਸੁੱਖੇ ਕੀ ਰੋਡ ਦੇ ਕਰੀਬ ਪਰਾਣੇ ਦੀ ਪਿੰਡ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਸੇ ਪਿੰਡ ਵਿਚ ਵਸਦੀ ਹੈ। ਜਦੋਂ ਕਿ ਸ਼ੇਖੂ ਦੇ ਪੰਜ ਬੇਟੇ ਸ਼ਾਹ ਮੁਹੰਮਦ, ਅਲੀ ਸ਼ੇਰ, ਸਾਬੂ, ਅਲਾਵਲ ਤੇ ਕੁਤਬਾ ਦੀਆਂ ਔਲਾਦਾਂ ਪਿੰਡੀ ਭੱਟੀਆਂ ਦੇ ਲਹਿੰਦੇ ਪਾਸੇ ਦੇ ਪਿੰਡ ਸ਼ਾਹ ਮੁਹੰਮਦ, ਮਕਸੂਦਾ, ਚੱਕ ਸਾਬੂ ਅਤੇ ਠੱਠੇ ਕੁਤਬਾ ਵਿਚ ਹਨ। ਖ਼ੁਦ ਦੁੱਲਾ ਭੱਟੀ ਹੋਰੀਂ ਪੰਜ ਭਰਾ ਸਨ – ਮਾਮੂਦ, ਬੁੱਢਾ, ਬਹਿਲੋਲ, ਸਲਾਰ ਅਤੇ ਆਦਮ। ਇਨ੍ਹਾਂ 'ਚੋਂ ਮਾਮੂਦ ਦੀ ਔਲਾਦ ਪਿੰਡੀ ਭੱਟੀਆਂ ਦੇ ਲਹਿੰਦੇ ਬੰਨੇ ਪਿੰਡਾਂ ਕੰਧਾਂ, ਮਿਰਜ਼ਾਂ ਭੱਟੀਆਂ ਤੇ ਸ਼ਾਹਪੁਰ ਵਿਚ ਹੈ। ਬਹਿਲੋਲ ਨੇ ਪਿੰਡ ਬਹਿਲੋਲ ਵਸਾਇਆ ਅਤੇ ਇਹਦੀਆਂ ਅਗਲੀਆਂ ਪੀੜ੍ਹੀਆਂ ਇਥੇ ਹੀ ਹਨ। ਬੁੱਢਾ ਦੀ ਔਲਾਦ ਪਿੰਡੀ ਭੱਟੀਆਂ ਦੇ ਆਸ ਪਾਸ ਰਹਿੰਦੇ ਬੁੱਢੇ ਕੀ ਭੱਟੀ ਅਖਵਾਉਂਦੇ ਹਨ। ਸਲਾਰ ਦੇ ਤਿੰਨ ਬੇਟਿਆਂ ਕਰਮਦਾਦ, ਫੁਲਾਲੀਆ ਅਤੇਜ ਲਾਲੀਆਦ ਿਆਂਅ ਾਲਅ ੌਲਾਦਾਂਹ ਵੇਲੀਕ ਰਮਦਾਦ,ਛ ੱਤੀ ਕਰਮਦਾਦ, ਚੱਕ ਭੱਟੀ, ਕੋਟ ਦਿਲਾਵਰ, ਸ਼ਾਹਦੋਕੀ ਭੱਟੀ, ਬਾਕਾ ਭੱਟੀ ਦੀਆਂ ਵਸਨੀਕ ਹਨ। ਜਿੱਥੋਂ ਤੱਕ ਦੁੱਲੇ ਭੱਟੀ ਦੀ ਆਪਣੀ ਪੀੜ੍ਹੀ ਦਾ ਤੁਅੱਲਕ ਹੈ ਉਹਦੇ ਬਾਬਤ ਵੱਖ-ਵੱਖ ਵਿਚਾਰ ਹਨ।

ਇਹਦੀ ਬੀਬੀ ਫੁਲਰਾਂ ਦਾ ਪਿਛੋਕੜ ਭੱਟੀ ਕਬੀਲੇ ਦਾ ਸੀ। ਲੋਕ ਰਵਾਇਤਾਂ ਵਿਚ ਦੁੱਲੇ ਦੇ ਤਿੰਨ ਪੁੱਤਰਾਂ ਅਤੇ ਦੋ ਧੀਆਂ ਦਾ ਜ਼ਿਕਰ ਹੈ। ਬੇਟੀਆਂ ਸਲੀਮੋ ਤੇ ਬਖ਼ਤੋ (ਬਖ਼ਤੁਲਨਿਸ਼ਾ) ਸਨ। ਬਖ਼ਤੋ ਪਿੰਡੀ ਭੱਟੀਆਂ ਤੇ ਹੋਏ ਹਮਲੇ 'ਚ ਮਾਰੀ ਗਈ ਸੀ। ਲੜਕਿਆਂ 'ਚ ਜਹਾਨ ਖਾਂ, ਕਮਾਲ ਖਾਂ ਅਤੇ ਨੂਰ ਖਾਂ ਸਨ। ਦੁੱਲਾ ਭੱਟੀ ਦੀ ਫਾਂਸ਼ੀ ਤੋਂ ਪਿੱਛੋਂ ਪਿੰਡੀ ਭੱਟੀਆਂ ਦੇ ਕਿਲੇ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਹਦੀਆਂ ਔਲਾਦਾਂ ਇਰਦ ਗਿਰਦ ਬਿਖ਼ਰ ਗਈਆਂ। ਨੂਰ ਖਾਂ ਤੇ ਕਮਾਲ ਖਾਂ ਦੀਆਂ ਔਲਾਦਾਂ ਸਰਗੋਧੇ, ਮੰਡੀ ਬਹਾਉਦੀਨ, ਗੁਜਰਾਤ ਤੇ ਭੱਖਰ ਦੇ ਇਲਾਕਿਆਂ ਵਿਚ ਮੌਜੂਦ ਹਨ। ਜਹਾਨ ਖਾਂ ਕੁਝ ਅਰਸੇ ਪਿੱਛੋਂ ਪਿੰਡੀ ਭੱਟੀਆਂ ਆ ਗਿਆ ਅਤੇ ਇੱਥੇ ਪਿੰਡ ਦੁੱਲੇ ਕੀ ਮੁੜ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਥੇ ਵੱਸਦੀ ਰਸਦੀ ਹੈ।

**ਪੰਜਾਬੀ ਉਲੱਥਾ : ਡਾ. ਨਿਰਮਲ ਸਿੰਘ**
**ਪ੍ਰੋ. ਅਸਦ ਸਲੀਮ ਸ਼ੇਖ਼**
**ਵਾਇਸ ਪ੍ਰਿੰਸੀਪਲ, ਸਰਕਾਰੀ ਡਿਗਰੀ ਕਾਲਜ,**
**ਪਿੰਡੀ ਭੱਟੀਆਂ ਜ਼ਿਲ੍ਹਾ ਹਾਫਿਜ਼ਾਬਾਦ**
**ਲਹਿੰਦਾ ਪੰਜਾਬ, ਪਾਕਿਸਤਾਨ**

## ਦੁੱਲੇ ਭੱਟੀ ਦੇ ਪੈਦਾ ਹੋਵਣ ਤੇ ਕੁਝ ਸ਼ੇਅਰ

**ਜਦੋ ਮਾਰੇ ਲਾਹੌਰ ਵਿਚ ਬਾਪ ਦਾਦਾ, ਮਾਤਾ ਦੁੱਲੇ ਦੀ ਸੀ ਹਮਲਦਾਰ ਪਿਆਰੇ।**
**ਲੜਕਾ ਖੂਬਸੂਰਤ ਪਿੱਛੋਂ ਹੋਯਾ ਪੈਦਾ, ਜਦੋਂ ਬੀਤ ਚੁੱਕੇ ਮਾਹ ਚਾਰ ਪਿਆਰੇ।**
**ਘਰ ਰਾਠਾਂ ਦੇ ਰਾਠ ਹੀ ਹੋਣ ਪੈਦਾ, ਏਹ ਤਾਂ ਜੰਮਿਆ ਵਾਰ ਐਤਵਾਰ ਪਿਆਰੇ।**
**ਚਿਹਰਾ ਚਮਕਦਾ ਦਮਕਦਾ ਅੱਗ ਵਾਂਗੂੰ, ਅੱਖਾਂ ਲਾਲ ਹੈਸਨ ਨਸ਼ੇਦਾਰ ਪਿਆਰੇ।**
**ਦਾਈ ਦੇਖ ਕੇ ਸ਼ਕਲ ਨੂੰ ਸੈਹਮ ਗਈ, ਐਪਰ ਬੋਲਦੀ ਬੰਨ੍ਹ ਕਰਾਰ ਪਿਆਰੇ।**
**ਨੀ ਮਾਤ ਲੱਧੀ ਏਹ ਮੈਂ ਬਾਤ ਲੱਧੀ, ਲਵੇ ਬਾਪ ਦਾ ਖ਼ੂਨ ਚਿਤਾਰ ਪਿਆਰੇ।**

# Executive Committee Meeting 17-1-2015






# Executive Committee Meeting 17-1-2015


















## ਕਾਰਜਕਾਰਨੀ ਕਮੇਟੀ ਮੀਟਿੰਗ ਦੌਰਾਨ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ



# Executive Committee Meeting 17-1-2015





# ਲੋਹੜੀ : ਰਿਸ਼ਤਿਆਂ ਦੀ ਮਿਠਾਸ ਦਾ ਤਿਉਹਾਰ

**ਭਵਨਦੀਪ ਸਿੰਘ ਪੁਰਬਾ**




**ਜਿੱਥੇ ਹਰ ਦਿਨ ਲੋਹੜੀ ਏ ਤੇ ਰਾਤ ਦੀਵਾਲੀ ਏ,**
**ਜਿੱਥੇ ਹਰ ਪਿਓ ਰੱਬ ਵਰਗਾ ਮਾਂ ਕਰਮਾਂ ਵਾਲੀ ਏ**
**ਇਹ ਧਰਤ ਸੁਹਾਵੀ ਏ ਹਰ ਤਰਫ ਹਰਿਆਲੀ ਏ**
**ਇਹ ਪੰਜਾਬ ਦੀ ਮਿੱਟੀ ਏ ਇਹਦੀ ਸ਼ਾਨ ਨਿਰਾਲੀ ਏ**

ਪੰਜਾਬ ਜਿਥੇ ਹਰ ਦਿਨ ਕੋਈ ਨਾਂ ਕੋਈ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬੀ ਲੋਕ ਜਿਥੇ ਆਪਣੀ ਵੱਖਰੀ ਪਹਿਚਾਨ ਰੱਖਦੇ ਨੇ, ਉਥੇ ਇੱਥੋਂ ਦੇ ਵਿਲੱਖਣ ਤਿੱਥ-ਤਿਉਹਾਰ ਕਰਕੇ ਵੀ ਪੰਜਾਬ ਪੂਰੀ ਦੁਨੀਆ ਵਿੱਚ ਆਪਣੀ ਅਲੱਗ ਪਹਿਚਾਨ ਰੱਖਦਾ ਹੈ।

ਸਾਲ ਦੀਆਂ ਚਾਰੇ ਰੁੱਤਾਂ, ਪੱਤਝੜ, ਸਾਵਨ, ਬਸੰਤ ਬਹਾਰ, ਵਿੱਚ ਅਨੇਕ ਤਰ੍ਹਾਂ ਦੇ ਛੋਟੇ ਵੱਡੇ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿਚ ਇਕ ਮੁੱਖ ਤਿਉਹਾਰ ਲੋਹੜੀ ਹੈ ਜੋ ਕਿ 13 ਜਨਵਰੀ, ਪੋਹ ਮਹੀਨੇ ਦੀ ਅਖੀਰੀ ਰਾਤ ਨੂੰ ਮਨਾਇਆ ਜਾਂਦਾ ਹੈ। ਇਸ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਦਾ ਤਿਉਹਾਰ ਵੀ ਨਾਲ ਹੀ ਮਨਾਇਆ ਜਾਂਦਾ ਹੈ।

ਲੋਹੜੀ ਸ਼ਬਦ ਤਿਲ + ਰੋੜੀ ਸ਼ਬਦਾਂ ਨੂੰ ਜੋੜ ਕੇ ਬਣਿਆ ਹੈ ਸਮੇਂ ਦੇ ਨਾਲ ਇਸ ਦਾ ਰੂਪ ਤਿਲੋੜੀ ਤੇ ਫਿਰ ਲੋਹੜੀ ਹੋ ਗਿਆ। ਪੰਜਾਬ ਦੇ ਕਈ ਇਲਾਕਿਆਂ ਵਿਚ ਇਸ ਨੂੰ "ਲੋਹੀ" ਜਾਂ "ਲੋਈ" ਵੀ ਕਹਿੰਦੇ ਹਨ। ਇਹ ਤਿਉਹਾਰ ਕਿਸ ਤਰ੍ਹਾਂ ਸ਼ੁਰੂ ਹੋਇਆ। ਇਸ ਬਾਰੇ ਕੋਈ ਪ੍ਰਤੱਖ ਸਬੂਤ ਨਹੀਂ ਮਿਲਦੇ, ਪਰ ਇਸ ਨਾਲ ਸਬੰਧਿਤ ਇਕ ਲੋਕ ਕਥਾ ਅਨੁਸਾਰ ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ, ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨਕਾਲ ਦੌਰਾਨ ਇੱਕ ਲੋਕ ਨਾਇਕ ਸੀ ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿਚ ਵੰਡ ਦਿੰਦਾ ਸੀ, ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਇਸ ਦਰਿਆ-ਦਿਲੀ ਦੇ ਕਾਇਲ ਸਨ ਇਸ ਕਰਕੇ ਉਹ ਲੋਕ ਉਸ ਦਾ ਆਦਰ-ਸਤਿਕਾਰ ਤੇ ਉਸ ਨੂੰ ਪਿਆਰ ਵੀ ਕਰਦੇ ਸਨ।

ਇੱਕ ਵਾਰ ਦੀ ਗੱਲ ਹੈ ਕਿ ਉਸ ਨੇ ਅਗਵਾਕਾਰਾਂ ਤੋਂ ਇੱਕ ਲੜਕੀ ਨੂੰ ਛੁਡਾਇਆ ਤੇ ਉਸ ਲੜਕੀ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ, ਜਦ ਦੁੱਲਾ-ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ ਤਾਂ ਉਸ ਨੇ ਉਸ ਦੇ ਵਿਆਹ ਵਿਚ ਤੋਹਫ਼ੇ ਦੇ ਤੌਰ ਤੇ ਸ਼ੱਕਰ ਪਾ ਦਿੱਤੀ ਸੀ, ਇਸ ਕਰਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ ਨੂੰ ਹਰ ਲੋਹੜੀ ਦੇ ਸਮੇਂ ਯਾਦ ਕੀਤਾ ਜਾਂਦਾ ਹੈ, ਬੱਚੇ ਜਦ ਲੋਹੜੀ ਮੰਗਣ ਦੂਜਿਆਂ ਦੇ ਘਰਾਂ 'ਚ ਜਾਂਦੇ ਹਨ ਤਾਂ ਉਹ ਇਹ ਗੀਤ ਗਾਉਂਦੇ ਹੋਏ ਨਜ਼ਰ ਆਉਂਦੇ ਹਨ।

**ਸੁੰਦਰ ਮੁੰਦਰੀਏ ਹੋ**
**ਤੇਰਾ ਕੌਣ ਵਿਚਾਰਾ ਹੋ**
**ਦੁੱਲਾ ਭੱਟੀ ਵਾਲਾ ਹੋ**
**ਦੁੱਲੇ ਦੀ ਧੀ ਵਿਆਹੀ ਹੋ**
**ਸੇਰ ਸ਼ੱਕਰ ਪਾਈ ਹੋ।**

ਇਸ ਤਿਉਹਾਰ ਦਾ ਸਬੰਧ ਫਸਲ ਨਾਲ ਵੀ ਹੈ। ਇਸ ਸਮੇ ਕਣਕ, ਤੋਰੀਆ, ਸਰ੍ਹੋਂ ਵਗੈਰਾ ਫਸਲਾਂ ਆਪਣੇ ਜੋਬਨ 'ਤੇ ਹੁੰਦੀਆਂ ਨੇ, ਕਿਸਾਨਾਂ ਦੀਆਂ ਪੈਲੀਆਂ ਵਿਚ ਕਣਕ, ਛੋਲੇ, ਸ਼ਰ੍ਹੋਂ ਆਦਿ ਫਸਲਾਂ ਲਹਿਲਹਾ ਰਹੀਆਂ ਹੁੰਦੀਆਂ ਹਨ, ਲੋਹੜੀ ਵਾਲੇ ਦਿਨ ਤੋਂ ਦਿਨ ਵੱਡੇ ਅਤੇ ਰਾਤਾਂ ਛੋਟੀਆਂ ਹੋਣੀਆਂ ਸ਼ੁਰੂ ਹੋ ਜਾਦੀਆਂ ਹਨ।

ਲੋਹੜੀ ਦਾ ਸਬੰਧ ਨਵ-ਜੰਮੇ ਬੱਚਿਆਂ ਨਾਲ ਖਾਸਾ ਜ਼ਿਆਦਾ ਹੈ। ਪੁਰਾਤਨ ਸਮੇਂ ਤੋਂ ਹੀ ਜਿਸ ਘਰ ਲੜਕੇ ਨੇ ਜਨਮ ਲਿਆ ਹੋਵੇ ਉਸ ਘਰ ਵਿਚ ਲੋਹੜੀ ਵੰਡੀ ਜਾਂਦੀ ਹੈ, ਨਵੇਂ ਵਿਆਹ ਵਾਲੇ ਘਰ ਵੀ ਲੋਹੜੀ ਵੰਡੀ ਜਾਂਦੀ ਹੈ, ਪੂਰੇ ਪਿੰਡ ਵਿਚ ਜਵਾਰ/ਮੱਕੀ ਦੇ ਫੁੱਲੇ ਭੁਨਾ ਕੇ ਅਤੇ ਗੁੜ ਮਿਲਾ ਕੇ ਵੰਡੇ ਜਾਂਦੇ ਹਨ, ਕਈ ਵਾਰੀ ਪਤਾਸੇ ਤੇ ਮੂੰਗਫਲੀ ਵੀ ਵੰਡੀ ਜਾਂਦੀ ਹੈ, ਪਿੰਡਾਂ ਵਿਚ ਮੁੰਡੇ ਕੁੜੀਆਂ ਆਪੋ ਆਪਣੇ ਹਾਣ ਨਾਲ ਟੋਲੀਆਂ ਬਣਾ ਕੇ ਘਰ-ਘਰ ਜਾ ਕੇ ਗੀਤ ਗਾਉਂਦੇ ਤੇ ਇੰਜ ਲੋਹੜੀ ਮੰਗਦੇ ਹਨ :-

**ਆਖੋ ਮੁੰਡਿਉ ਵੰਝਲੀ**
**ਵੰਝਲੀ ਵਾਲੇ ਆਏ ਨੇ**

ਜਾਂ

**ਲੋਹੜੀ ਬਈ ਲੋਹੜੀ**
**ਦੇ ਮਾਈ ਲੋਹੜੀ**
**ਤੇਰੀ ਜੀਵੇ ਜੋੜੀ**

ਕੁੜੀਆਂ ਮੁੰਡੇ ਇਸੇ ਤਰ੍ਹਾਂ ਟੋਲੀਆਂ ਬਣਾ ਕੇ ਗੀਤ ਗਾਉਂਦੇ ਸ਼ਾਮ ਤੱਕ ਇੱਕ ਘਰ ਤੋਂ ਦੂਜੇ ਘਰ ਲੋਹੜੀ ਮੰਗਦੇ, ਕੋਈ ਉਨ੍ਹਾਂ ਨੂੰ ਦਾਣੇ ਪਾਉਂਦਾ, ਕੋਈ ਗੁੜ ਦੀ ਰੋੜੀ ਤੇ ਕੋਈ ਤਿਲ, ਕਈ ਵਾਰੀ ਪੈਸੇ ਵੀ ਮਿਲ ਜਾਂਦੇ।

ਅੱਜ ਕੱਲ ਭਰੂਣ ਹੱਤਿਆ ਦੇ ਰੁਝਾਨ ਨੂੰ ਰੋਕਣ ਲਈ ਕੁਝ ਸੂਝਵਾਨ ਲੋਕ ਲੜਕੀਆ ਪ੍ਰਤੀ ਆਪਣੀ ਸੁਚੱਜੀ ਸੋਚ ਦਾ ਪ੍ਰਦਰਸ਼ਨ ਕਰਦੇ ਹੋਏ ਕੁੜੀਆਂ ਦੀ ਲੋਹੜੀ ਵੀ ਮਨਾਉਣ ਲੱਗ ਪਏ ਹਨ ਜਿਸ ਨਾਲ ਲੜਕੇ

ਲੜਕੀ ਵਿਚਲਾ ਫਰਕ ਘਟ ਰਿਹਾ ਹੈ, ਪਰ ਫਿਰ ਵੀ ਹਾਲੇ ਭਰੂਣ ਹੱਤਿਆ ਦੇ ਜ਼ਿੰਮੇਵਾਰ ਲੋਕਾਂ ਨੂੰ ਨਕੇਲ ਨਹੀਂ ਪਾਈ ਜਾ ਸਕੀ।

ਲੋਹੜੀ ਵਾਲੀ ਰਾਤ ਲੋਕ ਘਰਾਂ ਵਿਚ ਜਾਂ ਇਕ ਮੁਹੱਲੇ ਵਿਚ ਸਾਂਝੇ ਤੌਰ ਤੇ ਕਿਸੇ ਚੌਕ ਵਿਚ ਲੱਕੜਾਂ ਜਾਂ ਪਾਥੀਆਂ ਨੂੰ ਅੱਗ ਲਗਾ ਕੇ ਭੁੱਗਾ ਸੇਕਦੇ ਅਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ, ਭੁੱਗੇ ਵਿਚ ਤਿਲ ਰਿਉੜੀਆਂ ਫੁੱਲੇ, ਤੇ ਚਿੜਵੜੇ ਆਦਿ ਸਾੜੇ ਜਾਂਦੇ। ਇਸ ਰਾਤ ਗੰਨੇ ਦੇ ਰਸ ਨੂੰ ਖਾਸ ਅਹਿਮੀਅਤ ਦਿੱਤੀ ਜਾਂਦੀ ਹੈ। ਰਾਤ ਨੂੰ ਲੋਗ ਰਓ (ਗੰਨੇ ਦੇ ਰਸ) ਦੀ ਖੀਰ ਬਣਾਉਂਦੇ ਹਨ ਅਤੇ ਅਗਲੇ ਦਿਨ ਮਾਘੀ ਤੇ ਖਾਂਦੇ ਹਨ ਇਸ ਸਬੰਧੀ ਇੱਕ ਅਖਾਣ ਵੀ ਹੈ ਕਿ

**ਪੋਹ ਰਿਧੀ ਤੇ ਮਾਘ ਖਾਧੀ**

ਮਤਲਬ ਕਿ ਪੋਹ ਮਹੀਨੇ ਵਿਚ ਬਣਾਈ ਗਈ ਅਤੇ ਮਾਘ ਮਹੀਨੇ ਵਿੱਚ ਖਾਦੀ ਗਈ, ਸ਼ਹਿਰਾਂ ਅਤੇ ਕਸਬਿਆਂ ਵਿੱਚ ਲੋਕ ਇਸ ਦਿਨ ਪਤੰਗਬਾਜੀ ਵੀ ਬੜੀ ਹੀ ਸ਼ਿੱਦਤ ਨਾਲ ਕਰਦੇ ਨੇ, ਸਾਰਾ ਦਿਨ ਕੋਠਿਆਂ ਤੇ ਚੜ੍ਹ ਗੁਡੀਆਂ ਉਡਾਉਂਦੇ, ਭੰਗੜੇ ਪਾਉਂਦੇ ਤੇ ਖੁਸ਼ੀਆਂ ਮਨਾਉਂਦੇ ਵੇਖੇ ਜਾ ਸਕਦੇ ਨੇ।

ਸਮੇਂ ਦੇ ਬਦਲਦੇ ਢੰਗਾਂ ਨਾਲ ਜਿਥੇ ਕਈ ਪੁਰਾਤਨ ਰਸਮਾਂ ਅਤੇ ਤਿਉਹਾਰਾਂ ਦਾ ਆਧੁਨਿਕੀਕਰਨ ਹੋ ਗਿਆ ਹੈ ਉਥੇ ਲੋਹੜੀ ਦੇ ਤਿਉਹਾਰ ਤੇ ਵੀ ਇਸ ਦਾ ਖਾਸਾ ਪ੍ਰਭਾਵ ਪਿਆ ਹੈ, ਹੁਣ ਪਿੰਡਾਂ ਵਿਚ ਗੱਭਰੂ ਤੇ ਮੁਟਿਆਰਾਂ ਟੋਲੀਆਂ ਬਣਾ ਕਿ ਲੋਹੜੀ ਮੰਗਦੇ ਘੱਟ ਹੀ ਮਿਲਦੇ ਹਨ ਅਤੇ ਲੋਹੜੀ ਨਾਲ ਸਬੰਧਿਤ ਗੀਤ ਵੀ ਅੱਜ ਕੱਲ ਲੋਕਾਂ ਨੂੰ ਘੱਟ ਹੀ ਆਉਂਦੇ ਨੇ, ਸਗੋਂ ਇਥੋਂ ਤੱਕ ਕਿ ਬਹੁਤਿਆਂ ਨੂੰ ਤਾਂ ਇਸ ਤਿਉਹਾਰ ਦੇ ਇਤਿਹਾਸ ਬਾਰੇ ਵੀ ਪਤਾ ਨਹੀਂ ਹੋਣਾ।

ਭਾਵੇਂ ਕੁਝ ਵੀ ਹੋਵੇ ਇਹ ਤਿਉਹਾਰ ਨਿਘ ਤੇ ਮੋਹ ਭਰਿਆ ਹੈ, ਇਸ ਤਿਉਹਾਰ ਤੇ ਲੋਕ ਆਪਣੇ ਪਰਿਵਾਰ ਵਿੱਚ ਬੈਠ ਕੇ ਕੁਝ ਵਕਤ ਇਕੱਠਿਆਂ ਹਾਸਾ ਠੱਠਾ ਕਰਦਿਆਂ, ਨੱਚਦਿਆਂ, ਝੂਮਦਿਆਂ ਗੁਜਾਰਦੇ ਨੇ, ਸ਼ਾਲਾ ਇਹ ਲੋਹੜੀ ਹਰੇਕ ਇਨਸਾਨ ਲਈ ਉਸਦੇ ਸੱਜਣਾਂ ਦੀ ਪਹਿਲੀ ਮੁਲਾਕਾਤ ਵਾਂਗੂ ਬਣ ਕੇ ਆਵੇ ਤੇ ਸਾਰਿਆਂ ਦੇ ਸੱਜਣ ਮਿੱਤਰ ਰਿਸ਼ਤੇਦਾਰ ਖੁਸ਼ ਰਹਿਣ ਤੇ ਕਿਸੇ ਨੂੰ ਇਹ ਨਾ ਕਹਿਣਾ ਪਵੇ :-

**ਲੋਹੜੀ ਵਾਲੀ ਰਾਤ ਲੋਕੀ ਵੰਡਦੇ ਰਿਉੜੀਆਂ**
**ਸਾਡੀ ਕਾਹਦੀ ਲੋਹੜੀ ਅੱਖਾਂ ਸੱਜਣਾ ਨੇ ਮੋੜੀਆਂ**

---

# ਆਈ ਬਸੰਤ ਪਾਲਾ ਉਡੰਤ

**ਤ੍ਰਿਲੋਚਨ ਸਿੰਘ**

'ਸੂਰਜ ਏਕੋ ਰੁਤਿ ਅਨੇਕ' ਦੇ ਗੁਰੂ ਵਾਕ ਅਨੁਸਾਰ ਅਸੀਂ ਸਾਲ ਵਿਚ ਕਈ ਰੁੱਤਾਂ ਹੰਢਾਂਦੇ ਹਾਂ। ਕਦੀ ਗਰਮੀ ਤੇ ਕਦੀ ਪਾਲਾ। ਕਦੀ ਤੱਤੀ ਲੂ ਤੇ ਕਦੀ ਵਰਖਾ ਦੀਆਂ ਫੁਹਾਰਾਂ। ਕਦੀ ਪੱਤਝੜ ਵਿਚ ਖੜੇ ਰੁੰਡ-ਮਰੁੰਡ ਜਿਹੇ ਰੁੱਖ ਤੇ ਕਦੀ ਫੁੱਲਾਂ-ਫੱਲਾਂ ਨਾਲ ਲੱਦੇ ਪੌਦੇ। ਕਦੀ ਵਿਸਾਖ ਦੀਆਂ ਵਾਢੀਆਂ ਤੇ ਕਦੀ ਸੜਦਾ ਹੋਇਆ ਜੇਠ-ਹਾੜ੍ਹ। ਕਦੀ ਸਾਉਣ ਦੀਆਂ ਝੜੀਆਂ ਤੇ ਕਦੀ ਭਾਦੋਂ ਦੇ ਛੱਰਾਟੇ। ਕਦੀ ਇਸ ਤਰ੍ਹਾਂ ਵੀ ਹੁੰਦਾ ਹੈ, ਅੱਸੂ ਮਾਂਹ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀਂ ਪਾਲੇ।

ਇਨ੍ਹਾਂ ਵੰਨ ਸੁਵੰਨੀਆਂ ਰੁੱਤਾਂ ਦਾ ਵਰਨਣ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਆਉਂਦਾ ਹੈ:-

**ਸਾਉਣ ਪਾਲਾ ਨਿੰਮ੍ਹਿਆਂ ਭਾਦਰੋਂ ਜ਼ਾਹਿਰ ਹੋ।**
**ਅਸੂ ਪਾਲਾ ਜੰਮਿਆਂ, ਕੱਤੇ ਵੱਡਾ ਹੋ।**
**ਮੱਘਰ ਫ਼ੌਜਾਂ ਚਾੜ੍ਹੀਆਂ ਪੋਹ ਲੜਾਈ ਹੋ।**
**ਮਾਂਹ ਵਿਚ ਪਾਲਾ ਮਾਰਿਆ।**
**ਫੱਗਣ ਕੀਤਾ ਸੋ (ਸੋਗ)**
**ਚੇਤਰ ਕੁੰਭ ਭਰਾਇਆ, ਵਿਸਾਖ ਵਿਦਿਆ ਹੋ।**
**ਜੇਠ ਧੁਪੀਂ ਲੱਗੀਆਂ, ਹਾੜ੍ਹ ਰਹੀ ਨਾ ਬੋ।**

ਸਾਡੇ ਵੱਡੇ-ਵਡੇਰਿਆਂ ਨੇ ਸਾਲ ਦੇ ਬਾਰਾ ਮਹੀਨਿਆਂ ਨੂੰ ਦੋ ਦੋ ਮਹੀਨਿਆਂ ਦੀਆਂ ਛੇ ਰੁੱਤਾਂ ਵਿਚ ਵੰਡਿਆ ਸੀ। ਇਹ ਸੰਨ: ਹੇਮੰਤ, ਗ੍ਰੀਸ਼ਮ, ਵਰਖਾ, ਸ਼ਿਸ਼ਰ, ਸਰਦ ਤੇ ਬਸੰਤ। ਇਸਨੂੰ ਉਹ ਰੁੱਤ-ਚੱਕਰ ਕਹਿੰਦੇ ਸਨ। ਫਿਰ ਕੁਝ ਵਿਦਵਾਨਾਂ ਨੇ ਇਸ ਚੱਕਰ ਨੂੰ ਹੋਰ ਸੁਖਾਲਾ ਕਰ ਦਿੱਤਾ। ਉਨ੍ਹਾਂ ਤਿੰਨਾਂ ਮਹੀਨਿਆਂ ਦੀਆਂ ਚਾਰ ਰੁੱਤਾਂ ਨਿਸ਼ਚਿਤ ਕੀਤੀਆਂ। ਇਹ ਰੁੱਤਾਂ ਸਨ ਗਰਮੀ, ਬਰਸਾਤ, ਸਿਆਲ ਤੇ ਬਸੰਤ। ਉੱਤਰੀ ਭਾਰਤ ਵਿਚ ਇਹ ਚਾਰੇ ਰੁੱਤਾਂ ਬੜੀਆਂ ਨਿਖੜ ਕੇ ਵਾਰੀ ਵਾਰੀ ਆਉਂਦੀਆਂ ਹਨ। ਜਿਵੇਂ ਖੂਹ ਦੀਆਂ ਟਿੰਡਾਂ ਗਿੜ ਰਹੀਆਂ ਹੋਣ।

ਬੇਸੰਤ ਰੁੱਤ ਪੱਤਝੜੀ ਸਿਆਲ ਰੁੱਤ ਦੇ ਪਿਛੋਂ ਆਉਂਦੀ ਹੈ। ਇਸ ਦੇ ਹਿਸੇ ਮਾਘ, ਫੱਗਣ ਤੇ ਚੇਤਰ ਦੇ ਕੁਝ ਦਿਨ (ਫਰਵਰੀ-ਮਾਰਚ) ਆਉਂਦੇ ਹਨ। ਇਸ ਦੇ ਪਿੱਛੇ-ਪਿੱਛੇ ਗਰਮੀ ਦੀ ਰੁੱਤ ਆ ਰਹੀ ਹੁੰਦੀ ਹੈ। ਇਸ ਤਰ੍ਹਾਂ ਬਸੰਤ ਰੁੱਤ ਸਿਆਲੇ ਤੇ ਹੁਨਾਲੇ ਦਾ ਵਿਚਕਾਰਲਾ ਪੱਖ (ਸਮਾਂ) ਹੈ।

ਬਸੰਤ ਸਾਡੇ ਦੇਸ਼ ਦੀ ਬਹਾਰ ਰੁੱਤ ਹੈ। ਇਸ ਦੇ ਮਨ-ਲਭਾਉਂਣੇ ਨਜ਼ਾਰਿਆਂ ਨੂੰ ਦੇਖ ਕੇ ਹੀ ਇਸਨੂੰ ਰਿਤੂ ਰਾਜਾ ਕਿਹਾ ਜਾਂਦਾ ਹੈ। ਮਹਾਂ ਕਵੀ ਕਾਲੀ ਦਾਸ ਨੇ ਵੀ ਆਪਣੀ ਪ੍ਰਸਿੱਧ ਪੁਸਤਕ ਰਿਤੂ ਸਮਹਾ ਵਿਚ ਇਸ ਦੀ ਵਡਿਆਈ ਕੀਤੀ ਹੈ। ਉਹ ਲਿਖਦਾ ਹੈ ਭਵਤੁ ਭਵ ਬਸੰਤ ਸ੍ਰੇਸ਼ਟ ਕਾਲ ਸੁਖਾਯ। ਭਾਵ ਬਸੰਤ ਸਾਰੀਆਂ ਰੁੱਤਾਂ ਵਿਚੋਂ ਸੁਖਦਾਈ ਰੁੱਤ ਹੁੰਦੀ ਹੈ। ਇਸ ਰੁੱਤ ਚਿ ਸਰੀਰ ਨੂੰ ਸੁੱਖ ਮਿਲਦਾ ਹੈ। ਸਿਆਲਾ, ਹੁਨਾਲਾ ਤੇ ਬਰਸਾਤ ਤਿੰਨੇ ਹੀ ਕੁਝ ਅਣਸੁਖਾਵੇਂ ਜਿਹੇ ਮੌਸਮ ਹੁੰਦੇ ਹਨ। ਇਨ੍ਹਾਂ ਗੁਣਾਂ ਸਦਕਾ ਹੀ ਬਸੰਤ ਨੂੰ ਰਿਤੂ ਰਾਜਾ ਕਹਿ ਕੇ ਵਡਿਆਇਆ ਗਿਆ ਹੈ।

ਪੁਰਾਣੇ ਲੋਕਾਂ ਦਾ ਇਹ ਵਿਚਾਰ ਸੀ ਕਿ ਇੰਨੀ ਸੁਹਣੀ ਤੇ ਸੁਹਾਣੀ ਰੁੱਤ ਕਿਸੇ ਦੇਵਤੇ ਦਾ ਵਰਦਾਨ ਹੀ ਹੋ ਸਕਦਾ ਹੈ। ਜ਼ਰੂਰ ਜਦੋਂ ਕੋਈ ਦੇਵਤਾ ਪ੍ਰਸੰਨ ਹੁੰਦਾ ਹੋਵੇਗਾ ਤਾਂ ਇਹ ਰੁੱਤ ਭੇਜ ਦਿੰਦਾ ਹੋਵੇਗਾ। ਉਨ੍ਹਾਂ ਬਸੰਤ ਰੁੱਤ ਦੇ ਦੇਵਤੇ ਨੂੰ ਪੂਜਣਾ ਸ਼ੁਰੂ ਕਰ ਦਿੱਤਾ ਪਰ ਅੱਜ ਦੇ ਵਿਗਿਆਨਕ ਯੁੱਗ ਵਿਚ ਹਰ ਬੱਚਾ ਜਾਣਦਾ ਹੈ ਕਿ ਰੁੱਤਾ ਦੀ ਅਦਲਾ ਬਦਲੀ ਕਿਸੇ ਦੇਵਤੇ ਦਾ ਚਮਤਕਾਰ ਨਹੀਂ ਸਗੋਂ ਸਾਡੇ ਸੂਰਜ ਦਾ ਚਮਤਕਾਰ ਹੈ।

ਰੁੱਤਾਂ ਦਾ ਇਹ ਚੱਕਰ ਪ੍ਰਿਥਵੀ ਦੇ ਸੂਰਜ ਦੁਆਲੇ ਘੁੰਮਣ ਕਰਕੇ ਪੈਦਾ ਹੁੰਦਾ ਹੈ। ਇਸ ਪ੍ਰਕਰਮਾ ਸਦਕਾ ਹੀ ਜਦੋਂ ਪ੍ਰਿਥਵੀ ਦਾ ਕੋਈ ਖੰਡ ਸੂਰਜ ਦੇ

ਬਿਲਕੁਲ ਸਾਹਮਣੇ ਆ ਜਾਂਦਾ ਹੈ ਤਾਂ ਉਥੇ ਸਿੱਧੀਆਂ ਕਿਰਨਾਂ ਪੈਣ ਕਰਕੇ ਗਰਮੀ ਦੀ ਰੁੱਤ ਆ ਜਾਂਦੀ ਹੈ। ਜਦੋਂ ਸੂਰਜ ਤੋਂ ਕੋਈ ਖੰਡ ਕੁਝ ਪਰ੍ਹੇ ਹਟਦਾ ਹੈ ਤਾਂ ਉਥੇ ਤਿਰਛੀਆਂ ਕਿਰਨਾਂ ਪੈਣ ਕਰਕੇ ਸਰਦੀ ਆ ਜਾਂਦੀ ਹੈ। ਬਸੰਤ ਰੁੱਤ ਵਿਚ ਪ੍ਰਿਥਵੀ ਸਿਆਲ (ਸਰਦੀ ਦੀ ਰੁੱਤ) ਵਿਚੋਂ ਨਿਕਲ ਕੇ ਗਰਮੀਆਂ ਦੇ ਪੱਖ ਵੱਲ ਜਾ ਰਹੀ ਹੁੰਦੀ ਹੈ। ਇਹ ਤਬਦੀਲੀ ਇਕਦਮ ਨਹੀਂ ਸਗੋਂ ਹੁੰਦੀ ਸਗੋਂ ਹੌਲੀ ਹੌਲੀ ਵਾਪਰਦੀ ਹੈ। ਮਾਰਚ ਦੇ ਮਹੀਨੇ ਪ੍ਰਿਥਵੀ ਦਾ ਕੋਈ ਵਿਸ਼ੇਸ਼ ਝੁਕਾਅ ਨਹੀਂ ਬਣਦਾ। ਪ੍ਰਿਥਵੀ ਦਾ ਕੋਈ ਵਿਸ਼ੇਸ਼ ਹਿੱਸਾ ਸੂਰਜ ਸਾਹਮਣੇ ਨਹੀਂ ਹੁੰਦਾ ਸਗੋਂ ਸਾਰੀ ਪ੍ਰਿਥਵੀ ਸੂਰਜ ਮੂਹਰੇ ਇਕੋ ਜਿਹੀ ਸੇਧ ਵਿਚ ਹੁੰਦੀ ਹੈ। ਇਸ ਤਰ੍ਹੰ ਕਿਰਨਾਂ ਨਾ ਤਾਂ ਬਹੁਤੀਆਂ ਸਿੱਧੀਆਂ ਤੇ ਨਾ ਹੀ ਬਹੁਤੀਆਂ ਤਿਰਛੀਆਂ ਹੋ ਕੇ ਪੈਂਦੀਆਂ ਹਨ। ਦਿਨ ਰਾਤ ਵੀ ਬਰਾਬਰ ਜਿਹੇ ਹੋ ਜਾਂਦੇ ਹਨ। ਮੌਸਮ ਵੀ ਠੀਕ ਹੋ ਜਾਂਦਾ ਹੈ। ਨਾ ਬਹੁਤੀ ਗਰਮੀ ਅਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸੇ ਰੁੱਤ ਨੂੰ ਬਸੰਤ ਕਿਹਾ ਜਾਂਦਾ ਹੈ। ਸਿਆਲ ਵਿਚ ਦਿਨ ਛੋਟੇ ਅਤੇ ਰਾਤਾਂ ਲੰਬੀਆਂ ਹੁੰਦੀਆਂ ਹਨ ਪਰ ਬਸੰਤ ਵਿਚ ਦਿਨ ਵੱਡੇ ਹੋਣ ਲਗਦੇ ਹਨ। ਮਾਰਚ ਦੇ ਮਹੀਨੇ ਦੀ 22 ਤਾਰੀਖ ਨੂੰ ਦਿਨ ਅਤੇ ਰਾਤ ਬਰਾਬਰ ਹੋ ਜਾਂਦੇ ਹਨ ਪਰ ਇਸ ਦਿਨ ਪਿਛੋਂ ਦਿਨ ਵੱਡੇ ਤੇ ਰਾਤਾਂ ਛੋਟੀਆਂ ਹੋਣ ਲੱਗਦੀਆਂ ਹਨ। ਇਹ ਗਰਮੀਆਂ ਦੇ ਪੱਖ ਦਾ ਆਗਮਨ ਹੁੰਦਾ ਹੈ ਜਾਂ ਕਹਿ ਲਓ ਕਿ ਇਹ ਗਰਮੀ ਦਾ ਆਰੰਭ ਹੁੰਦਾ ਹੈ।

ਪੋਹ (ਜਨਵਰੀ) ਦੇ ਪਾਲੇ ਵਿਚੋਂ ਨਿਕਲ ਕੇ ਪ੍ਰਿਥਵੀ ਮਾਘ (ਫਰਵਰੀ) ਦੇ ਨਿੱਘ ਵੱਲ ਜਾ ਰਹੀ ਹੁੰਦੀ ਹੈ। ਅਧ ਮਾਂਹ ਤੇ ਕੰਬਲ ਬਾਂਹ ਦੇ ਅਖਾਣ ਅਨੁਸਾਰ ਹੁਣ ਕੰਬਲ ਲੈਣ ਦੀ ਵੀ ਬਹੁਤੀ ਲੋੜ ਨਹੀਂ ਪੈਂਦੀ। ਹਾਂ ਇਸਨੂੰ ਅਜੇ ਸੰਦੂਕ ਵਿਚ ਵੀ ਨਹੀਂ ਸਾਂਭਿਆ ਜਾ ਸਕਦਾ। ਸੂਰਜ ਡੁੱਬਣ ਪਿਛੋਂ ਮੌਸਮ ਕੁਝ ਠੰਢਾ ਹੋ ਜਾਂਦਾ ਹੈ ਜਿਸ ਕਾਰਨ ਕੰਬਲ ਦੀ ਲੋੜ ਪੈ ਸਕਦੀ ਹੈ।

ਮਾਘ ਦੀਆਂ ਨਿੱਘੀਆਂ ਨਿੱਘੀਆਂ ਧੁੱਪਾਂ ਨਾਲ ਨਵੀਂ ਰੁੱਤ ਸ਼ੁਰੂ ਹੋ ਜਾਂਦੀ ਹੈ। ਜੇਕਰ ਲੋਹੜੀ ਪੋਹ ਮਹੀਨੇ ਦੀ ਚਿਤਾ (ਅੰਤ) ਹੈ ਤਾਂ ਬਸੰਤ ਪੰਚਮੀ ਬਹਾਰ ਰੁੱਤ ਦਾ ਆਗਮਨ (ਆਰੰਭ) ਹੈ। ਅਸੀਂ ਬਸੰਤ ਪੰਚਮੀ ਨਾਲ ਇਸ ਸੁੰਦਰ ਤੇ ਸੁਹਾਣੀ ਰੁੱਤ ਦਾ ਸੁਆਗਤ ਕਰਦੇ ਹਾਂ। ਲੋਕ ਆਪ ਮੁਹਾਰੇ ਹੀ ਆਖਦੇ ਹਨ ਆਈ ਬਸੰਤ, ਪਾਲਾ ਉਡੰਤ। ਸਿਆਲ ਵਿਚ ਪਲ੍ਹਰਦੀ ਮੂਲੀ ਵੀ ਬਸੰਤ ਰੁੱਤ ਵਿਚ ਪੱਕ ਜਾਂਦੀ ਹੈ। ਸ਼ਾਇਦ ਇਹ ਵੀ ਸਿਆਲ ਦੇ ਮੁੱਕਣ ਦਾ ਗੀਤ ਗਾ ਰਹੀ ਹੈ:-

**ਆਈ ਰੁੱਤ ਬਸੰਤ ਦੀ ਮੂਲੀਆਂ ਛੱਡਿਆ ਬੀ,**
**ਧੁੱਪਾਂ ਪਰਗਟ ਹੋਈਆਂ ਘਰਾਂ ਨੂੰ ਚਲਿਆ ਸੀ (ਸੀਤ)।**

ਠੰਢ ਕਾਰਨ ਪੌਦਿਆਂ ਦਾ ਪਲ੍ਹਰਨਾ ਰੁੱਕ ਜਾਂਦਾ ਹੈ। ਇਸੇ ਕਰਕੇ ਹੀ ਉਹ ਆਪਣੇ ਪੱਤੇ ਵੀ ਝਾੜ ਦਿੰਦੇ ਹਨ। ਹੁਣ ਹਰ ਪ੍ਰਕਾਰ ਦੀ ਬਨਸਪਤੀ ਮਉਲ ਉਠਦੀ ਹੈ। ਵਣ-ਤ੍ਰਿਣ ਹਰਿਆਵਲਾ ਹੋ ਜਾਂਦਾ ਹੈ। ਮਾਘ ਦੀ ਨਿੱਘੀ ਧੁੱਪ ਨਾਲ ਹੀ ਕਣਕਾਂ ਵਿਚ ਦਾਣਾ ਪੈਣਾ ਸ਼ੁਰੂ ਹੁੰਦਾ ਹੈ। ਕਿਸਾਨ ਇਨ੍ਹਾਂ ਮਉਲਦੀਆਂ ਫਸਲਾਂ ਨੂੰ ਦੇਖ ਕੇ ਝੂਮ ਉਠਦਾ ਹੈ।

ਮਾਘ ਵਿਚ ਪਾਲੇ ਦੀ ਮੌਤ ਹੋ ਜਾਂਦੀ ਹੈ ਤੇ ਫੱਗਣ ਵਿਚ ਇਸਦਾ ਸੋਗ ਕਰ ਲਿਆ ਜਾਂਦਾ ਹੈ। ਫੱਗਣ ਵਾਉ ਵੱਗਣ ਦੀ ਅਖਾਣ ਅਨੁਸਾਰ ਹੁਣ ਹਵਾਵਾਂ ਵਿਚ ਵੀ ਕੁਝ ਤੇਜ਼ੀ ਆਉਣ ਲੱਗਦੀ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਕੁਦਰਤ ਡਿੱਗੇ ਹੋਏ ਪੱਤਿਆਂ ਨੂੰ ਹੂੰਝ ਰਹੀ ਹੋਵੇ। ਜੇਕਰ ਇਹ ਪੌਣਾਂ ਬਹੁਤੀਆਂ ਤੇਜ਼ ਹੋ ਜਾਣ ਤਾਂ ਹਾਨੀਕਾਰਕ ਵੀ ਹੋ ਸਕਦੀਆਂ ਹਨ। ਤਾਰੇ ਮੀਰੇ ਜਾਂ ਫਿਰ ਅੰਬਾਂ ਦਾ ਬੂਰ ਝੜ ਜਾਂਦਾ ਹੈ। ਜਿਸ ਕਰਕੇ ਫ਼ਲ ਥੋੜ੍ਹਾ ਪੈਂਦਾ ਹੈ। ਜੇਕਰ ਫ਼ਲਦਾਰ ਰੁੱਖਾਂ ਉੱਪਰੋਂ ਬੂਰ ਦੇ ਹੇਠਾਂ ਲੁਕੀਆਂ ਲਿੱਲਾਂ ਹੀ ਡਿੱਗ ਪਈਆਂ ਤਾਂ ਫ਼ਲ ਕਿੱਥੋਂ ਪਵੇਗਾ।

**ਫੱਗਣ ਆਂਹਦਾ ਚੇਤਰ ਨੂੰ ਤੂੰ ਸੁਣ ਮੇਰੇ ਭਾਈ।**
**ਮੈਂ ਲਈਆਂ ਝੂਣ ਝਾਣ ਤੂੰ ਬੰਨੇ ਲਾਈਂ।**

ਫੱਗਣ ਦੀ ਇਸ ਹਵਾ ਨੂੰ ਕੁਝ ਥਾਵਾਂ ਤੇ ਲੋਕ ਫਾਗਾ ਵੀ ਕਹਿੰਦੇ ਹਨ। ਇਹ ਫਾਗ ਹੀ ਹੌਲੀ ਹੌਲੀ ਗਰਮੀ ਨਾਲ ਪੱਕ ਕੇ ਲੂ ਬਣ ਜਾਂਦੀ ਹੈ। ਮਾਘ ਦੇ ਅੰਤਲੇ ਪੱਖ ਵਿਚ ਬਸੰਤ ਰੁੱਤ ਦੀਆਂ ਨਿੱਘੀਆਂ ਧੁੱਪਾਂ ਨਾਲ ਪਾਲਾ ਘਰਾਂ ਨੂੰ ਚਲਿਆ ਜਾਂਦਾ ਹੈ। ਸੂਰਜ ਹੌਲੀ ਹੌਲੀ ਸਿੱਧਾ ਤੇ ਤਿੱਖਾ ਹੋ ਰਿਹਾ ਹੁੰਦਾ ਹੈ। ਇਸ ਤਰ੍ਹਾਂ ਦਿਨ ਸਮੇਂ ਧਰਤੀ ਗਰਮ ਹੋ ਜਾਂਦੀ ਹੈ। ਜ਼ਮੀਨ ਨਾਲ ਲਗਦੀ ਪੌਣ ਵੀ ਗਰਮ ਸੁਭਾਅ ਦੀ ਹੋ ਜਾਣ ਕਰਕੇ ਹੌਲੀ ਹੋ ਕੇ ਉਪਰ ਵੱਲ ਉਠਦੀ ਹੈ ਪਰ ਰਾਤ ਵੇਲੇ ਜਦੋਂ ਧਰਤੀ ਠੰਢੀ ਹੋ ਜਾਂਦੀ ਹੈ ਤੰ ਇਹ ਫਾਗ ਵੀ ਠੰਢੀ ਹੋ ਕੇ ਸ਼ਾਂਤ ਹੋ ਜਾਂਦੀ ਹੈ। ਇਸੇ ਕਰਕੇ ਇਸ ਰੁੱਤ ਵਿਚ ਸਵੇਰ ਤੇ ਸ਼ਾਮ ਹਵਾ ਅਡੋਲ ਹੋਈ ਹੀ ਅਨੁਭਵ ਹੁੰਦੀ ਹੈ ਪਰ ਦੁਪਹਿਰ ਪਿਛੋਂ ਕੁਝ ਤੇਜ਼ੀ ਫੜ ਲੈਂਦੀ ਹੈ। ਪੰਜਾਬ ਵਿਚ ਇਹ ਅਵਸਥਾ ਫਰਵਰੀ ਦੇ ਅਖ਼ੀਰ ਵਿਚ ਅਤੇ ਮਾਰਚ ਦੇ ਮਹੀਨੇ ਦੇ ਸ਼ੁਰੂ ਵਿਚ ਆਉਂਦੀ ਹੈ। ਫੱਗਣ ਦੀਆਂ ਇਹ ਰੁਮਕਦੀਆਂ ਹਵਾਵਾਂ ਤਪਸ਼ ਵਧਣ ਨਾਲ ਜੇਠ-ਹਾੜ ਦੀਆਂ ਹਨ੍ਹੇਰੀਆਂ ਵਿਚ ਬਦਲ ਜਾਂਦੀਆਂ ਹਨ।

ਇਸ ਤਰ੍ਹਾਂ ਫਲਾਂ, ਫੁੱਲਾਂ ਤੇ ਸਾਡੀਆਂ ਫ਼ਸਲਾਂ ਦੀ ਸੁੱਖ ਮੰਗਦਾ ਹੋਇਆ ਫੱਗਣ ਦਾ ਮਹੀਨਾ ਵੀ ਲੰਘ ਜਾਂਦਾ ਹੈ। ਫਲਗੁਣ ਸ਼ਬਦ ਵੀ ਸ਼ਾਇਦ ਰੁੱਖਾਂ ਤੇ ਪੌਦਿਆਂ ਉਪਰ ਪੈ ਜਾਣ ਤੋਂ ਹੀ ਬਣਿਆ ਲਗਦਾ ਹੈ। ਸਾਰੀ ਬਨਸਪਤੀ ਕਈ ਰੰਗਾਂ ਵਿਚ ਖਿੜ ਪੈਂਦੀ ਹੈ। ਬਹੁਤਾ ਰੰਗ ਬਸੰਤੀ ਹੀ ਦਿਸਦਾ ਹੈ ਕਿਉਂਕਿ ਸਰ੍ਹੋਂ ਦੇ ਖੇਤ ਦੂਰ ਤਕ ਪੀਲੀ ਚਾਦਰ ਵਾਂਗ ਵਿਛੇ ਹੁੰਦੇ ਹਨ।

ਇਸ ਰੁੱਤ ਵਿਚ ਵੀ ਹੋਲੀ ਦਾ ਤਿਉਹਾਰ ਆ ਜਾਂਦਾ ਹੈ। ਚਾਰੇ ਪਾਸੇ ਪਸਰੀ ਰੰਗ-ਬਰੰਗੀ ਕੁਦਰਤ ਵਰਗੇ ਬਣ ਕੇ ਅਸੀਂ ਵੀ ਰੰਗ ਉਡਾ ਕੇ ਖੁਸ਼ੀਆਂ ਮਨਾਉਂਦੇ ਹਾਂ। ਬਸੰਤੀ ਫੁੱਲ ਅਸਲ ਵਿਚ ਸਾਡੀ ਆਉਣ ਵਾਲੀ ਫ਼ਸਲ ਦਾ ਸੁਨੇਹਾ ਦੇ ਰਹੇ ਹੁੰਦੇ ਹਨ। ਇਹ ਸਾਡੀ ਮਿਹਨਤ ਦੇ ਫੁੱਲ ਹਨ। ਮਿਹਨਤ ਨੂੰ ਹੁਣ ਫਲ ਪੈਣ ਵਾਲਾ ਹੈ। ਇਹੋ ਆਸ ਸਾਨੂੰ ਖ਼ੁਸ਼ੀ ਵਿਚ ਨੱਚਣ-ਕੁੱਦਣ ਲਈ ਪ੍ਰੇਰਦੀ ਹੈ।

ਫਿਰ ਚੇਤਰ ਚੜ੍ਹ ਆਉਂਦਾ ਹੈ। ਖੂਹ ਦੀਆਂ ਟਿੰਡਾਂ ਅਗਲਾ ਗੇੜ ਸ਼ੁਰੂ ਕਰ ਦਿੰਦੀਆਂ ਹਨ। ਫ਼ਸਲਾਂ ਪੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੱਟ ਫ਼ਸਲਾਂ ਦੀ ਰਾਖੀ ਲਈ ਤਿਆਰ ਹੋ ਜਾਂਦਾ ਹੈ। ਇਸੇ ਕਰਕੇ ਇਸ ਮਹੀਨੇ ਬਹੁਤੇ ਮੇਲੇ ਨਹੀਂ ਲਗਦੇ। ਵਿਆਹ ਦੇ ਸਾਹੇ ਵੀ ਨਹੀਂ ਕੱਢੇ ਜਾਂਦੇ।

ਇਹ ਰੁੱਤ-ਵਟਾਂਦਰਾ ਬੜਾ ਚੰਗਾ ਹੈ। ਅਸੀਂ ਹਰ ਰੁੱਤ ਦਾ ਆਨੰਦ ਮਾਣਦੇ ਹਾਂ। ਇਸ ਰੁੱਤ ਵਟਾਂਦਰੇ ਸਦਕਾ ਹੀ ਸਾਨੂੰ ਖਾਣ ਲਈ ਵੱਖ-ਵੱਖ ਤਰ੍ਹਾਂ ਦੇ ਭੋਜਨ ਤੇ ਪਹਿਨਣ ਲਈ ਵੱਖ ਵੱਖ ਤਰ੍ਹਾਂ ਦੇ ਪਹਿਰਾਵੇ ਮਿਲਦੇ ਹਨ। ਇਸੇ ਕਰਕੇ ਹੀ ਤਾਂ ਬਹੁ-ਰੁੱਤਾਂ ਪੰਜਾਬ ਬਹੁ-ਫ਼ਸਲੀ ਪ੍ਰਾਂਤ ਵੀ ਬਣਿਆ ਹੋਇਆ ਹੈ। ਆਓ! ਹਰ ਰੁੱਤ ਦਾ ਉਸਦੇ ਆਉਣ ਲੱਗਿਆ ਖਿੜੇ ਮੱਥੇ ਸੁਆਗਤ ਕਰੀਏ। ਜਾਣ ਲੱਗਿਆ ਇਸ ਨੂੰ ਹਾਸਿਆਂ ਤੇ ਖੇੜਿਆਂ ਨਾਲ ਵਿਦਾ ਕਰੀਏ ਕਿਉਂਕਿ ਹਰ ਰੁੱਤ ਦੀ ਸ਼ਾਮ ਕਿਸੇ ਨਵੀ ਰੁੱਤ ਦੀ ਸਵੇਰ ਵੀ ਹੁੰਦੀ ਹੈ।

# ਸੁੰਗੜਦਾ ਜਾ ਰਿਹਾ ਮਨੁੱਖ

ਲੁਬਾਣਾ ਸੇਵਕ ਬਿਊਰੋ

ਅੱਜ ਤੋਂ 35-40 ਸਾਲ ਪਹਿਲਾਂ ਦਾ ਸਮਾਂ। ਪਿੰਡ 'ਚ ਗੁਆਂਢੀਆਂ ਦੀ ਕੁੜੀ ਦਾ ਵਿਆਹ। ਪਿੰਡ ਦੀ ਧੀ ਦੇ ਵਿਆਹ ਦਾ ਹਰ ਇਕ ਨੂੰ ਚਾਅ। ਆਪਣੀ ਸਮਰੱਥਾ ਅਨੁਸਾਰ ਵਿਆਹ ਦੇ ਹਰ ਕਾਰਜ 'ਚ ਸਹਾਈ ਹੋ ਰਿਹਾ ਪਿੰਡ ਦਾ ਹਰ ਸ਼ਖ਼ਸ਼। ਸਾਰਿਆਂ ਦੇ ਮਨਾਂ ਵਿਚ ਕਾਰਜ ਨੂੰ ਸੁਚਾਰੂ ਢੰਗ ਨਾਲ ਸੰਪੂਰਨ ਕਰਨ ਦੀ ਇੱਛਾ। ਹਰ ਰਸਮ ਨਾਲ ਨਿੱਜੀ ਤੌਰ 'ਤੇ ਜੁੜਿਆ ਹਰ ਬਸ਼ਿੰਦਾ। ਸਵੇਰੇ-ਸਵੇਰੇ ਪਿੰਡ 'ਚੋਂ ਦੁੱਧ ਤੇ ਲੱਸੀ ਇਕੱਠਾ ਕਰਦੇ ਚੋਬਰ। ਸ਼ਾਮ ਨੂੰ ਪ੍ਰਾਹੁਣਿਆਂ ਤੇ ਬਰਾਤੀਆਂ ਲਈ ਮੰਜੇ ਬਿਸਤਰੇ ਇਕੱਠੇ ਕਰਨਾ। ਲਾਗੀਆਂ ਦੀਆਂ ਮੌਜਾਂ। ਵਾਰਨੇ ਤੇ ਚੱਕਵੀਂ ਰੋਟੀ। ਅੱਧੀ-ਅੱਧੀ ਰਾਤ ਤੀਕ ਪੈਂਦਾ ਗਿੱਧਾ ਅਤੇ ਨਾਨਕਾ ਮੇਲ ਵੱਲੋਂ ਕਿਸੇ ਦੀ ਉਲਟਾਈ ਮੰਜੀ, ਕਿਲਿਆਂ ਤੋਂ ਡੰਗਰ ਖੋਲ੍ਹਣਾ ਅਤੇ ਪਿੰਡ ਦੀ ਹਰ ਨੁੱਕਰ 'ਚ ਗਿੱਧੇ ਦੀ ਧਮਾਲ। ਸਾਂਝਾ ਕਾਰਜ, ਸਾਂਝੇ ਚਾਅ, ਸਾਰਿਆਂ ਦੇ ਸ਼ਾਹੀ ਮਿਆਉਂਦੇ।

ਸ਼ਾਮੀਂ ਘੁਸਮੁਸੇ 'ਚ ਕਿਸੇ ਨੇ ਘਰ ਦੀ ਬੈਲ ਵਜਾਈ। ਬਾਹਰ ਆਇਆ ਤਾਂ ਸਕੂਟਰ 'ਤੇ ਆਇਆ ਢੋਲ ਵਾਲਾ, ਮੇਰੇ ਕੋਲੋਂ ਪੁੱਛੇ ਕਿ ਇਥੇ ਤੁਹਾਡੇ ਗੁਆਂਢ ਕਿਨ੍ਹਾਂ ਦੀ ਬਰਾਤ ਵਿਆਹੁਣ ਗਈ ਏ? ਮੈਂ ਬਥੇਰਾ ਸੋਚਾਂ ਕਿ ਸਵੇਰ ਦਾ ਤਾਂ ਮੈਂ ਘਰ ਹੀ ਹਾਂ ਫਿਰ ਇਥੋਂ ਕਿਹੜੀ ਬਰਾਤ ਵਿਆਹੁਣ ਗਈ ਏ? ਕੋਈ ਪਤਾ ਨਾ ਲੱਗਿਆ। ਗੁਆਂਢ 'ਚ ਕਿਸੇ ਨੂੰ ਕੋਈ ਪਤਾ ਨਹੀਂ। ਕੋਈ ਵਾਜਾ ਨਹੀਂ। ਕੋਈ ਰੌਣਕ ਜਾਂ ਰੌਲਾ-ਰੱਲਾ ਨਹੀਂ। ਢੋਲ ਵਾਲਾ ਵੀ ਹੈਰਾਨ। ਉਸ ਨੇ ਦੁਬਾਰਾ ਮੋਬਾਇਲ 'ਤੇ ਫ਼ੋਨ ਕਰਕੇ ਪਤਾ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਅੱਜ ਮੇਰੇ ਹੀ ਗੁਆਂਢੀਆਂ ਦਾ ਮੁੰਡਾ ਵਿਆਹੁਣ ਗਿਆ ਏ। ਕਿਹੋ ਜਿਹਾ ਸਮਾਂ ਆ ਗਿਆ ਏ ਕਿ ਸਾਂਝੀ ਕੰਧ ਵਾਲੇ ਨੂੰ ਵੀ ਵਿਆਹ ਦਾ ਪਤਾ ਨਹੀਂ।

ਮਨੁੱਖ ਨੂੰ ਵਹਿਮ ਹੋ ਗਿਆ ਏ ਆਪਣੀ ਸਮਰੱਥਾ ਦਾ, ਆਪਣੇ ਸਾਧਨਾਂ ਦਾ ਅਤੇ ਆਪਣੀ ਹਿੰਮਤ ਦਾ। ਤਾਹੀਓਂ ਤਾਂ ਮੈਰਿਜ ਪੈਲੇਸਾਂ ਵਿਚ ਹੁੰਦੇ ਵਿਆਹਾਂ ਵਿਚ ਲੋਕ ਹਾਜ਼ਰੀ ਲਗਵਾਉਣ ਜਾਂ ਖਾਣ-ਪੀਣ ਹੀ ਜਾਂਦੇ ਨੇ। ਉਨ੍ਹਾਂ ਦੀ ਕਾਰਜ ਵਿਚ ਕੋਈ ਸ਼ਮੂਲੀਅਤ ਨਹੀਂ ਹੁੰਦੀ। ਭਾਵੇਂ ਨਵੇਂ ਰਿਸ਼ਤੇਦਾਰਾਂ ਨੂੰ ਮਾਣ-ਸਨਮਾਨ ਦੇਣ ਦੀ ਗੱਲ ਹੋਵੇ, ਅਨੰਦ-ਕਾਰਜ ਦੀ ਪਵਿੱਤਰ ਰਸਮ ਹੋਵੇ ਜਾਂ ਡੋਲੀ ਦੀ ਵਿਦਾਇਗੀ ਦਾ ਵਕਤ ਹੋਵੇ।

ਮਨੁੱਖੀ ਸਾਧਨਾਂ ਦੀ ਗਿਣਤੀ ਵੱਧ ਰਹੀ ਏ। ਸੁੱਖ-ਸੁਵਿਧਾਵਾਂ ਵੱਧ ਰਹੀਆਂ ਨੇ ਪਰ ਮਨੁੱਖ ਸੁੰਘੜ ਰਿਹਾ ਏ।

ਕਿਹੋ ਜਿਹੇ ਵਕਤ ਆ ਗਏ ਨੇ ਕਿ ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆ ਦੂਣ ਸਵਾਈ ਹੁੰਦੀ ਏ। ਫਿਰ ਕੌਣ ਦੁੱਖ ਸਾਂਝੇ ਕਰਨ ਦਾ ਹੀਆ ਕਰੇਗਾ?

ਗਵਾਚ ਗਏ ਨੇ ਸਾਡੇ ਸੰਸਕਾਰ, ਮਨਫ਼ੀ ਹੋ ਗਿਆ ਏ ਆਪਸੀ ਸਤਿਕਾਰ, ਅਲੋਪ ਹੋ ਗਿਆ ਏ ਰੋਜ਼ਾਨਾ ਜੀਵਨ ਦਾ ਵਿਧੀ-ਵਿਹਾਰ ਅਤੇ ਗੁੰਮ ਹੋ ਰਿਹਾ ਏ ਸਾਡਾ ਸਮਾਜਕ ਕਿਰਦਾਰ।

ਮਨੁੱਖੀ ਗਿਆਨ ਫੈਲਣ ਨਾਲ, ਪ੍ਰਦੂਸ਼ਣ ਫੈਲ ਰਿਹਾ ਏ, ਸਾਰੀ ਧਰਤ ਅਤੇ ਇਸਦੇ ਖਜ਼ਾਨਿਆਂ ਨੂੰ ਹੜੱਪਣ ਦੀਆਂ ਲਾਲਸਾਵਾਂ ਫੈਲ ਰਹੀਆਂ ਨੇ, ਪਰ ਮਨੁੱਖ ਆਪਣੇ ਮੁਫ਼ਾਦ ਦੇ ਦਾਇਰੇ 'ਚੋਂ ਬਾਹਰ ਆਉਣ ਦੀ ਲੋੜ ਹੀ ਨਹੀਂ ਸਮਝਦਾ। ਉਸਦੀ ਦੁਨੀਆਂ, ਉਸਦੇ ਆਪੇ ਦੀਆਂ ਭੁੱਲ-ਭੁਲਈਆਂ 'ਚ ਗਵਾਚ ਗਈ ਏ।

ਆਪੇ 'ਚ ਗਵਾਚੇ ਹੋਏ ਮਨੁੱਖ ਨੂੰ ਭੁੱਲ ਗਿਆ ਏ ਘਰ ਪਰਿਵਾਰ। ਆਪਣੇ ਕਾਰ-ਵਿਹਾਰ, ਵਿਓਪਾਰ ਜਾਂ ਰਾਂਗਲੇ ਸੰਸਾਰ 'ਚ ਗਵਾਚੇ ਵਿਅਕਤੀ ਨੂੰ ਕਈ ਵਾਰ, ਆਪਣੇ ਬੱਚੇ ਦਾ ਨਾਂ ਅਤੇ ਉਹ ਕਿਸ ਕਾਲਜ/ਸਕੂਲ ਵਿਚ ਪੜ੍ਹਦਾ ਹੈ ਬਾਰੇ ਜਾਨਣ ਲਈ ਦਿਮਾਗ਼ 'ਤੇ ਭਾਰ ਪਾਉਣਾ ਪੈਂਦਾ ਏ।

ਆਪੇ ਵਿਚ ਸੁੰਗੜਿਆ ਮਨੁੱਖ, ਆਪਣੀਆਂ ਖੁਸ਼ੀਆਂ ਸੰਤਾਪ ਰਿਹਾ ਏ, ਗ਼ਮਾਂ ਦੀ ਭੱਠੀ ਵਿਚ ਸੜ ਰਿਹਾ ਏ। ਹਾਉਕਿਆਂ ਦੇ ਸੇਕ 'ਚ ਝੁਲਸ ਰਿਹਾ ਏ।

ਸੁੰਗੜਿਆ ਮਨੁੱਖ ਕਿਵੇਂ ਫੈਲੇਗਾ? ਕਿਵੇਂ ਹੋਵੇਗਾ ਉਸਦੀ ਸੋਚ ਦੇ ਸੁਪਨਿਆਂ ਦਾ ਵਿਸਥਾਰ? ਕਿਵੇਂ ਉਸਾਰੇਗਾ, ਆਪਣੇ ਆਲੇ-ਦੁਆਲੇ 'ਚ ਜਿਊਣ ਜੋਗਾ ਸੰਸਾਰ? ਕਿੰਝ ਸ਼ਬਦਾਂ 'ਚ ਉਸਾਰੇਗਾ ਪਿਆਰ ਅਤੇ ਕਿਹੜੇ ਸਮਿਆਂ ਦੇ ਖਲਾਅ 'ਚੋਂ ਭਾਲੇਗਾ ਸੂਰਜਾਂ ਦਾ ਅੰਬਾਰ?

ਜਦੋਂ ਮਨੁੱਖੀ ਸਰੋਕਾਰਾਂ 'ਚੋਂ ਸਮੂਹਕ ਬਿਰਤੀ ਖੁਰ ਜਾਵੇ ਤਾਂ ਤਿੜਕਦੇ ਨੇ ਰਿਸ਼ਤੇ, ਟੁੱਟਦੇ ਨੇ ਪਰਿਵਾਰ, ਬਿਖਰਦਾ ਏ ਸਮਾਜ ਅਤੇ ਨੀਆਂ ਦੀ ਅਲਾਮਤ 'ਚ ਡੁੱਬ ਜਾਂਦਾ ਏ ਆਪਣੇ ਵਕਤ ਦਾ ਸ਼ਾਹ ਅਸਵਾਰ।

ਇਕ ਬਿੰਦੂ 'ਤੇ ਸਿਮਟਿਆ ਮਨੁੱਖ, ਬਿੰਦੂ ਤੋਂ ਬਿੰਦੂ ਤੀਕ ਦਾ ਸਫ਼ਰ ਤਹਿ ਕਰਨ ਲਈ ਕਿਥੋਂ ਲਿਆਏਗਾ ਹੌਂਸਲਾ, ਕਿਹੜੀ ਬਣੇਗੀ ਦ੍ਰਿੜ੍ਹਤਾ ਅਤੇ ਕਿਨ੍ਹਾਂ ਪੈਂਡਿਆਂ ਦਾ ਬਣੇਗਾ ਰਾਹੀ?

ਛੱਪੜੀ ਦਾ ਪਾਣੀ ਹਮੇਸ਼ਾ ਬੋਅ ਮਾਰਦਾ ਏ। ਪਾਣੀ ਪੀਣ ਲਈ ਛੱਪੜੀ 'ਚ ਵੜੀ ਮੱਝ ਵੀ ਚਿੱਕੜ ਨਾਲ ਲਿੱਬੜ ਜਾਂਦੀ ਏ ਅਤੇ ਸ਼ੰਕਿਆ 'ਚ ਉਸਦੀ ਹੋਂਦ ਹੀ ਅਲੋਪ ਹੋ ਜਾਂਦੀ ਏ। ਮਨੁੱਖ ਨੂੰ ਕੱਸੀ ਜਾਂ ਸੂਆ ਬਣਨ ਦੀ ਲੋੜ ਏ।

ਕਿਥੇ ਗੁੰਮ ਗਿਆ ਏ ਮਨੁੱਖ ਜਿਸਦੀਆਂ ਲੋੜਾਂ ਤੇ ਥੁੜਾਂ ਸਾਂਝੀਆਂ ਸਨ, ਖੁਸ਼ੀ ਤੇ ਗ਼ਮੀ ਦੌਰਾਨ ਭਾਈਵਾਲੀ ਸੀ। ਸਾਂਝੇ ਸਨ ਚਾਅ ਤੇ ਰੋਸੇ, ਰੋਣ ਤੇ ਹਾਸੇ, ਦਰਦ ਤੇ ਦਿਲਾਸੇ, ਸਾਉਣ ਤੇ ਚੌਮਾਸੇ ਅਤੇ ਘੱਗਰੇ ਤੇ ਚੰਦਾਸੇ। ਸਾਂਝੀਆਂ ਹੁੰਦੀਆਂ ਸਨ ਵਾਹੀਆਂ, 'ਕੱਠੇ ਵਗਦੇ ਸੀ ਫਲ੍ਹੇ। ਸਭ ਲਈ ਹੁੰਦੇ ਸੀ ਲਵੇਰੇ। ਚਾਚੀਆਂ, ਤਾਈਆਂ ਦੇ ਚੌਂਕੇ 'ਚੋਂ ਖਾਣਾ, ਪੀਣਾ ਨਿੱਤ ਦਾ ਵਰਤਾਰਾ ਸੀ। ਹਰ ਕੋਈ ਮੋਹ ਕਰਦਾ ਸੀ। ਸਭ ਦੀ ਸਲਾਮਤੀ ਦਾ ਦਮ ਭਰਦਾ ਸੀ। ਇਕ ਦੂਜੇ ਉਪਰ ਨਿਰਭਰਤਾ ਕਾਰਨ, ਮਨੁੱਖੀ ਸਾਂਝ ਤੇ ਪਿਆਰ ਦਾ ਦਾਇਰਾ ਬੜਾ ਵਸੀਹ ਸੀ। ਵਸੀਲਿਆਂ ਦੀ ਬਹੁਤਾਤ ਕਾਰਨ, ਪਾਟੀ ਹੋਈ ਨਿਰਭਰਤਾ ਨੇ ਮਨੁੱਖ ਨੂੰ ਸੰਗੋੜਿਆ ਏ ਅਤੇ ਉਹ ਇਕੱਲ ਹੰਢਾਉਂਦਾ, ਉਦਾਸ ਪਲਾਂ ਦਾ ਕਲਾਮ ਮੁੜਨ ਲਈ ਮਜਬੂਰ ਏ।

ਸਾਂਝੇ ਪਰਿਵਾਰਾਂ ਦੇ ਤਿੜਕੇ ਸੰਦਰਭ ਨੇ ਸਾਡੇ ਨਾਵੇਂ ਕੀਤੀ ਏ, ਹਰ ਜੀਅ ਲਈ ਆਪੋ-ਆਪਣੇ ਕਮਰਿਆਂ ਦੀ ਕੈਦ। ਘਰ ਦੇ ਵਡੇਰਿਆਂ ਕੋਲੋਂ

ਮੱਤਾਂ ਲੈਣ ਦੀ ਉਮਰ ਵਿਹਾ ਗਈ ਏ। ਬੱਚਿਆਂ ਨੂੰ ਚੰਗੀਆਂ ਨਹੀਂ ਲੱਗਦੀਆਂ, ਦਾਦੀ ਦੀਆਂ ਕਹਾਣੀਆਂ ਜਾਂ ਨਾਨੀ ਦੀਆਂ ਬਾਤਾਂ। ਟੀ.ਵੀ., ਕੰਪਿਊਟਰ ਨੇ ਬੱਚੇ ਦੀ ਸਮਾਜਕ ਤੇ ਪਰਿਵਾਰਕ ਸੋਚ ਨੂੰ ਵਿਕਸਿਤ ਹੋਣ ਤੋਂ ਵਰਜ ਦਿੱਤਾ ਏ।

ਕਿਸੇ ਦਾ ਦਰਦ ਹੰਢਾਉਣ ਦੀ ਫ਼ਿਤਰਤ ਮਰ ਚੁੱਕੀ ਏ। ਹੁਣ ਅਸੀਂ ਸੰਗ ਦੇ ਸਮੇਂ ਜਾ ਕੇ ਵੀ ਅਹਿਸਾਨ ਜਤਾਉਂਦੇ ਹਾਂ। ਜੇ ਕਿਧਰੇ ਮ੍ਰਿਤਕ ਦੀ ਲਾਸ਼ ਨੂੰ ਰਾਤ ਰੱਖਣਾ ਪੈ ਜਾਵੇ ਤਾਂ ਕੋਈ ਰਾਤ ਕਟਾਉਣ ਲਈ ਤਿਆਰ ਨਹੀਂ ਹੋਵੇਗਾ। ਹਰ ਕੋਈ ਆਪਣੇ ਰੁਝੇਵਿਆਂ ਦਾ ਬਹਾਨਾ ਪਾ ਕੇ ਖਿਸਕਣ ਦੀ ਤਿਆਰੀ ਕਰੇਗਾ।

ਉਹ ਆਪਣੀ ਲਾਸ਼ 'ਤੇ ਕੀਰਨੇ ਪਾਉਂਦਾ ਰਿਹਾ, ਪਰ ਨਾਲ ਦਾ ਕਮਰਾ ਗੁਣਗੁਣਾਉਂਦਾ ਰਿਹਾ ਵਰਗਾ ਕਰੂਰ ਸੱਚ, ਕੀ ਸਾਡੇ ਪੱਲਾਂ ਦਾ ਨਸੀਬ ਵੀ ਬਣਨਾ ਸੀ?

ਸਿਮਟ ਰਿਹਾ ਮਨੁੱਖ, ਹਾਉਕਾ ਏ ਮਾਨਵਤਾ ਲਈ, ਗ਼ਮ ਦਾ ਗੋਲਾ ਏ ਇਨਸਾਨੀਅਤ ਲਈ ਅਤੇ ਪ੍ਰਸ਼ਨ ਚਿੰਨ੍ਹ ਏ ਆਦਮੀਅਤ ਦੀ ਸਦੀਵਤਾ 'ਤੇ। ਮਨੁੱਖ ਦੇ ਸੁੰਗੜਨ ਨਾਲ, ਸੁੰਗੜ ਰਹੇ ਨੇ ਜੰਗਲ ਤੇ ਬੇਲੇ, ਡਰ ਦੀ ਮਾਰੀ ਲੁਕਦੀ ਫਿਰਦੀ ਏ ਕਾਇਨਾਤ। ਕੁਦਰਤ ਦੀਆਂ ਰਹਿਮਤਾਂ ਦੀ ਬੇਅਦਬੀ 'ਚੋਂ, ਅਸੀਂ ਝੋਲੀ 'ਚ ਪੁਵਾ ਲਏ ਨੇ ਰੰਗ ਤੇ ਸੋਗ।

ਸੁੰਗੜਿਆ ਮਨੁੱਖ, ਸੁੰਗੜੀ ਸੋਚ ਨੂੰ ਮਨ 'ਚ ਪਾਲਦਾ, ਸੁੰਗੜੇ ਵਿਅਕਤੀਤਵ ਦੀ ਘਾੜਤ ਬਣਦਾ ਏ ਜਿਸ 'ਚੋਂ ਸਮੁੱਚੇ ਸਰੋਕਾਰਾਂ ਦੀ ਨਿਸ਼ਾਨੇਦਹੀ ਤੁਸੀਂ ਕਿੰਝ ਕਰੋਗੇ? ਤਲਾਕਾਂ ਦੀ ਵੱਧ ਰਹੀ ਗਿਣਤੀ, ਆਤਮ ਹੱਤਿਆਵਾਂ ਦਾ ਆਮ ਹੋ ਰਿਹਾ ਰੁਝਾਨ, ਘਰੋਂ ਦੌੜ ਜਾਣ ਦੀ ਬਿਰਤੀ ਜਾਂ ਨਸ਼ਿਆਂ ਦਾ ਲਿਆ ਜਾ ਰਿਹਾ ਆਸਰਾ, ਮਨੁੱਖ ਦੀ ਟੁੱਟ-ਭੱਜ ਦੇ ਗਵਾਹ ਹਨ। ਮਾਰੂਥਲ ਫੈਲ ਰਿਹਾ ਏ, ਸ਼ਹਿਰ ਵੱਡਾ ਹੋ ਰਿਹਾ ਏ, ਮਹਿਲ ਉਸਰ ਰਹੇ ਨੇ ਪਰ ਘਰ ਸੁੰਗੜ ਰਿਹਾ ਏ, ਪਰਿਵਾਰ ਨਿੱਕਾ ਹੋ ਰਿਹਾ ਏ ਅਤੇ ਮਨੁੱਖ ਬੌਣਾ।

ਗਮਲਿਆਂ 'ਚ ਉਗਾਂਦੇ ਪਿੱਪਲਾਂ 'ਤੇ ਪੀਂਘਾਂ ਕਿੰਝ ਪੈਣਗੀਆਂ? ਕੌਣ ਮੌਲੀ ਬੰਨ੍ਹ ਕੇ ਮੰਨਤਾਂ ਮੰਗਦਿਆਂ ਪਾਣੀ ਪਾਵੇਗਾ? ਕਿੰਝ ਇਹ ਪਿੱਪਲ, ਆਦਮੀ ਦੀ ਖੈਰ ਮਨਾਏਗਾ? ਕਿਹੜਾ-ਪੰਛੀ ਪਾਏਗਾ ਆਲ੍ਹਣਾ ਅਤੇ ਕਿਹੜੀਆਂ ਸੱਥਾਂ ਜੁੜਨਗੀਆਂ ਇਨ੍ਹਾਂ ਹੇਠਾਂ?

ਜਦੋਂ ਮਨੁੱਖ ਸੁੰਗੜਦਾ ਏ ਤਾਂ ਸੁੰਗੜਦਾ ਏ ਉਸਦਾ ਦਾਇਰਾ, ਸੁੱਕ ਜਾਂਦਾ ਏ ਮੋਹ, ਮੁਹੱਬਤ ਤੇ ਅਪਣੱਤ ਦਾ ਭਰ ਵਗਦਾ ਦਰਿਆ, ਮੁਕ ਹੋ ਜਾਂਦਾ ਏ ਹੋਠਾਂ 'ਤੇ ਗੁਣਗੁਣਾਉਂਦਾ ਭਾਅ ਅਤੇ ਧਾਰਿਆ ਜਾਂਦਾ ਏ ਜੀਵਨ-ਪੈੜ 'ਚ ਗਹਿਰ ਸਦਮਾ।

ਜੇ ਮਨੁੱਖ ਦਾ ਸੁੰਗੜਨਾ ਏਸੇ ਰਫ਼ਤਾਰ ਨਾਲ ਹੀ ਜਾਰੀ ਰਿਹਾ ਤਾਂ ਮਨੁੱਖ ਦੇ ਸਰੀਰਕ, ਸਮਾਜਿਕ ਤੇ ਵਿਅਕਤੀਤਵ ਵਿਨਾਸ਼ ਨੂੰ ਰੁਕਣ ਤੋਂ ਕੋਈ ਨਹੀਂ ਰੋਕ ਸਕਦਾ। ਬ੍ਰਿਧ ਆਸ਼ਰਮਾਂ 'ਚ ਪੋਤੇ-ਪੋਤਰੀਆਂ ਦੇ ਤੋਤਲੇ ਬੋਲਾਂ ਨੂੰ ਭਾਲਦੇ, ਘਰ ਦੀ ਛੱਡ ਤੋਂ ਵਿਰਵੇ, ਦੁੱਖ-ਸੁੱਖ ਸਾਵਾਂ ਕਰਨ ਨੂੰ ਤਰਸ ਗਏ ਬਜ਼ੁਰਗਾਂ ਦੀ ਤਰਾਸਦੀ ਦਾ ਕੌਣ ਜ਼ੁੰਮੇਵਾਰ ਏ? ਕੀ ਸਾਡੀਆਂ ਕਦਰਾਂ-ਕੀਮਤਾਂ ਇਸਦੀ ਹਾਮੀ ਭਰਦੀਆਂ ਨੇ? ਬਜ਼ੁਰਗਾਂ ਦੀ ਸੇਵਾ 'ਚੋਂ ਪੁੰਨ ਖੱਟਣ ਵਾਲੇ ਵਿਰਸੇ ਨੂੰ ਵਿਸਾਰ ਕੇ ਕੀ ਖੱਟਿਆ ਏ ਅਸੀਂ? ਕੀ ਏ ਸਾਡੀ ਪ੍ਰਾਪਤੀ? ਬਜ਼ੁਰਗਾਂ ਦੀ ਅਸੀਸ ਤੋਂ ਵਿਰਵਾ ਮਨੁੱਖ ਆਪਣੀ ਹੋਂਦ ਦਾ ਮਰਸੀਆ ਪੜ੍ਹਨ 'ਚ ਮਗਨ ਏ।

ਜ਼ਰਾ ਸੋਚੋ! ਜੇ ਸਾਡੇ ਸੰਤ-ਮਹਾਤਮਾ ਦੀ ਸੁੰਗੜੀ ਫਿਤਰਤ ਦੀ ਮਾਰ ਹੇਠ ਆ ਜਾਂਦੇ ਤਾਂ ਕਿਵੇਂ ਫੈਲਦਾ ਉਨ੍ਹਾਂ ਦੀ ਸੋਚ ਦਾ ਚਾਨਣ, ਕੌਣ ਕਰਦਾ ਦੂਰ ਅੰਧਿਆਰਾ ਅਤੇ ਕੌਣ ਕਰਦਾ ਵਹਿਮਾਂ-ਭਰਮਾਂ 'ਚ ਫਸੇ ਜੀਵਾਂ ਦਾ ਪਾਰ ਉਤਾਰਾ। ਅਜੋਕੇ ਸਮਿਆਂ ਅੰਦਰ ਕੋਈ ਨਹੀਂ ਨਜ਼ਰ ਆਉਂਦਾ ਦਰਦ ਵੰਡਾਉਣ ਵਾਲਾ, ਕਿਸੇ ਦੇ ਅੱਥਰੂਆਂ ਨੂੰ ਪੂੰਝਣ ਵਾਲਾ ਜਾਂ ਕਿਸੇ ਦੇ ਹਟਕੋਰਿਆਂ ਨੂੰ ਆਪਣੀ ਹਿੱਕ 'ਚ ਸਮਾਉਣ ਵਾਲਾ। ਇਕੱਲਾ ਮਨੁੱਖ, ਇਕਹਿਰੀ ਜ਼ਿੰਦਗੀ ਜਿਊਣ ਲਈ ਲਾਚਾਰ ਹੋਇਆ ਪਿਆ ਏ।

ਗਿਆਨ-ਵਿਗਿਆਨ ਦੇ ਖੇਤਰ 'ਚ ਨਵੀਆਂ ਬੁਲੰਦੀਆਂ ਛੋਹਣ ਵਾਲੀ ਮਨੁੱਖੀ ਫਿਤਰਤ ਲਈ ਜ਼ਰੂਰੀ ਹੈ ਕਿ ਸਮੁੱਚੀ ਮਨੁੱਖ ਵੀ ਵਿਸਤਾਰ ਕਰੇ, ਫੈਲੇ ਉਸਦੀ ਨਰੋਈ ਸੋਚ। ਮਨ 'ਚ ਮੱਲਣ ਨਰੋਈਆਂ ਕਦਰਾਂ-ਕੀਮਤਾਂ ਤੇ ਸਮਾਜਕ ਸਾਂਝਾ। ਆਦਮੀ ਤੇ ਆਦਮੀਅਤ ਨੂੰ ਨਵੇਂ ਮਾਨਵੀ ਸਰੋਕਾਰਾਂ ਰਾਹੀਂ ਪ੍ਰੀਭਾਸ਼ਿਤ ਕਰਨਾ ਪਵੇਗਾ ਤਾਂ ਹੀ ਅਸੀਂ ਇਸਦੀ ਸਦੀਵੀ ਹੋਂਦ ਤੇ ਜਸ਼ਨ ਮਨਾਉਣ ਦੇ ਸਮਰੱਥ ਹੋ ਸਕਾਂਗੇ। ਪਸਰ ਰਹੇ ਹਨ੍ਹੇਰ 'ਚ ਦੀਵਾ ਬਾਲਣ ਦੀ ਕੋਸ਼ਿਸ਼ ਤਾਂ ਕਰੋ, ਦੀਵਾਲੀ ਤੁਹਾਡੇ ਬਨੇਰਿਆਂ 'ਤੇ ਜ਼ਰੂਰੀ ਦਸਤਕ ਦੇਵੇਗੀ ਕਿਉਂਕਿ ਦੀਵੇ ਨਾਲ ਹੀ ਦੀਵਾ ਬਲਦਾ ਏ।

## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ**

**ਮੋ. 98155-40240, lubanabs@yahoo.co.in**

# ਆਦਰਸ਼ ਸਿਰਜਣ ਲਈ ਆਪਣੀ ਧਰਤੀ ਦੇ ਇਤਿਹਾਸ ਵੱਲ ਝਾਤ ਮਾਰੋ

**ਦਵਿੰਦਰ ਸਿੰਘ**

ਸਿੱਖ ਕੌਮ ਬਾਰੇ ਮਸ਼ਹੂਰ ਹੈ ਕਿ ਸਿੱਖ ਇਤਿਹਾਸ ਸਿਰਜਦੇ ਹਨ, ਸੰਭਾਲਦੇ ਨਹੀਂ। ਇਸੇ ਤਰ੍ਹਾਂ ਸਾਡੇ ਵਿਚ ਕਿ ਹੋਰ ਵੱਡਾ ਔਗੁਣ ਹੈ ਕਿ ਅਸੀਂ ਆਪਣਿਆਂ ਦੀ ਬੇਕਦਰੀ ਕਰਕੇ, ਗ਼ੈਰਾਂ ਦੀਆਂ ਤਲੀਆਂ ਚੱਟਦੇ ਹਾਂ। ਸਾਡੇ ਲਈ ਘਰ ਦਾ ਜੋਗੀ ਭਾਵੇਂ ਕਿੰਨਾ ਹੀ ਪਹੁੰਚਿਆ ਹੋਇਆ ਹੋਵੇ ਜੋਗੜਾ ਹੀ ਹੁੰਦਾ ਹੈ ਤੇ ਬਾਹਰਲਾ ਕੋਈ ਪਾਖੰਡੀ ਵੀ ਸਿੱਧ ਬਣ ਜਾਂਦਾ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਜਿਸ ਦੇ ਆਪਣੇ ਘਰ ਗੰਗਾ ਵਗਦੀ ਹੋਵੇ, ਉਸ ਨੂੰ ਛੱਪੜਾਂ 'ਚ ਨਹਾਉਣ ਦੀ ਭਲਾ ਕੀ ਜ਼ਰੂਰਤ ਹੈ? ਅੱਜ ਮੈਂ ਜਦੋਂ ਬਾਰੀਕੀ ਨਾਲ ਘੋਖਦਾ ਹਾਂ ਤਾਂ ਦੇਖਦਾ ਹਾਂ ਕਿ ਹਰ ਖੇਤਰ ਵਿਚ ਹੀ ਇਹੋ ਵਰਤਾਰਾ ਵਰਤ ਰਿਹਾ ਹੈ।

ਸਭ ਤੋਂ ਪਹਿਲਾਂ ਮੈਂ ਆਪਣੇ ਰਾਗੀ ਸਿੰਘਾਂ ਅਤੇ ਕਥਾ-ਵਾਚਕਾਂ ਵੱਲ ਦੇਖਦਾ ਹਾਂ। ਕਥਾ ਕੀਰਤਨ ਦੌਰਾਨ ਉਹ ਕਿਸੇ ਚੱਲ ਰਹੇ ਪ੍ਰਸੰਗ ਵਿਚ ਸਿੱਖ ਇਤਿਹਾਸ 'ਚੋਂ ਘੱਟ ਅਤੇ ਮਿਥਿਹਾਸ 'ਚੋਂ ਮਿਸਾਲਾਂ ਵੱਧ ਦਿੰਦੇ ਹਨ। ਮੈਂ ਸਮਝਦਾ ਹਾਂ ਸਿੱਖ ਕੌਮ ਵੱਲ ਜਿੰਨਾ ਸ਼ਾਨਾਮੱਤਾ ਇਤਿਹਾਸ ਹੈ, ਇੰਨਾ ਸ਼ਾਨਦਾਰ ਇਤਿਹਾਸ ਸ਼ਾਇਦ ਹੋਰ ਕਿਸੇ ਕੌਮ ਦਾ, ਕਿਸੇ ਧਰਮ ਦਾ ਨਹੀਂ। ਮੈਂ ਉਸ ਸੁਨਿਆਰੇ ਨੂੰ ਕਦੇ ਅਕਲਮੰਦ ਨਹੀਂ ਆਖਾਂਗਾ, ਜੋ ਆਪਣਾ ਸ਼ੁੱਧ ਖਰਾ ਸੋਨਾ ਛੱਡ ਕੇ ਚਾਂਦੀ ਜਾਂ ਤਾਂਬੇ ਦੀਆਂ ਸਿਫਤਾਂ ਦੇ ਪੁਲ ਬੰਨ੍ਹੀ ਜਾਵੇ।

ਸਾਡਾ ਇਤਿਹਾਸ ਇੰਨਾ ਗੌਰਵਮਈ ਹੈ ਕਿ ਦੁਸ਼ਮਣਾਂ ਨੇ ਵੀ ਇਸ ਦੀ ਤਾਰੀਫ਼ ਕੀਤੀ ਅਤੇ ਅੰਗਰੇਜ਼ਾਂ ਵਰਗੀ ਜ਼ਹੀਨ ਬੁੱਧੀ ਵਾਲੀ ਕੌਮ ਵੀ ਇਹ ਗੱਲ ਪ੍ਰਵਾਨ ਕਰ ਚੁੱਕੀ ਹੈ ਕਿ ਸਿੱਖ ਇਤਿਹਾਸ, ਸਿੱਖ ਫਲਸਫ਼ੇ ਦਾ ਮੁਕਾਬਲਾ ਹੋਰ ਕਿਧਰੇ ਨਹੀਂ। ਸੋ ਮੈਂ ਹੈਰਾਨ ਹੁੰਦਾ ਹਾਂ ਜਦੋਂ ਸਾਡੇ ਕਥਾਵਾਚਕ ਜਾਂ ਰਾਗੀ ਸਿੰਘਾਂ ਨੂੰ ਬਿਗਾਨੀਆਂ ਮਿਸਾਲਾਂ ਲੈਂਦਿਆਂ ਸੁਣਦਾ ਹਾਂ। ਕਿੰਨੀ ਵਾਰ ਤਾਂ ਇਹ ਮਿਸਾਲਾਂ ਮਿਥਿਹਾਸ 'ਚੋਂ ਹੁੰਦੀਆਂ ਹਨ। ਗੁਰੂ ਸਾਹਿਬਾਨਾਂ ਨੇ 33 ਕਰੋੜ ਦੇਵੀ-ਦੇਵਤਿਆਂ ਦੀ ਗੱਲ ਮਨੋਕਲਪਿਤ ਦੱਸ ਕੇ ਇਕ ਅਕਾਲ ਪੁਰਖ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਸੀ ਅਤੇ ਸਾਡੇ ਇਹ ਪ੍ਰਚਾਰਕ ਇਨ੍ਹਾਂ ਹੀ ਕਲਪਿਤ ਪਾਤਰਾਂ ਦੀਆਂ ਗਾਥਾਵਾਂ ਇੰਨੀ ਸ਼ਰਧਾ ਤੇ ਵੈਰਾਗ ਨਾਲ ਬਿਆਨ ਕਰਦੇ ਨੇ ਕਿ ਸੁਣਨ ਵਾਲਾ ਉਸ ਮਿਥਿਹਾਸ ਤੋਂ ਪ੍ਰਭਾਵਤ ਹੋਏ ਬਿਨ੍ਹਾਂ ਨਹੀਂ ਰਹਿੰਦਾ ਤੇ ਸ਼ਾਇਦ ਕਿਧਰੇ ਅਚੇਤ ਮਨ 'ਚ ਉਸ ਮਿਥਿਹਾਸ ਪ੍ਰਤੀ ਸ਼ਰਧਾ ਵੀ ਪੈਦਾ ਹੋਣ ਲੱਗ ਪੈਂਦੀ ਹੈ। ਸੁਚੇਤ ਸਰੋਤਿਆਂ ਨੂੰ ਛੱਡ ਕੇ ਸੁਣ ਰਹੇ ਕੱਚੇ ਪਿੱਲੇ ਸਰੋਤੇ ਤਾਂ ਇਨ੍ਹਾਂ ਨੂੰ ਹੀ ਰੱਬ/ਭਗਵਾਨ ਮੰਨਦੇ ਹੋਏ ਪੂਜਾ ਕਰਨ ਵਰਗੇ ਵਿਚਾਰ ਵੀ ਬਣਾ ਲੈਂਦੇ ਹਨ। ਦੂਸਰੇ ਧਰਮਾਂ ਦੇ ਦਰਸ਼ਨ ਜਾਂ ਫਲਸਫ਼ੇ 'ਚੋਂ ਕੋਈ ਉਦਾਹਰਣ ਦੇਣੀ ਮੈਂ ਬੁਰੀ ਨਹੀਂ ਸਮਝਦਾ ਪਰ ਉਹ ਕਹਾਣੀਆਂ ਸੁਣਾਉਣੀਆਂ, ਠੀਕ ਨਹੀਂ ਜਿਨ੍ਹਾਂ ਦਾ ਕੋਈ ਆਧਾਰ ਹੀ ਨਹੀਂ ਹੈ, ਸਿਰਫ਼ ਮਿੱਥ ਹਨ। ਮਿਥਿਆ ਹੋਇਆ ਕਿ ਸ਼ਾਇਦ ਇੰਝ ਹੀ ਹੋਇਆ ਹੋਵੇਗਾ। ਅਜਿਹੀਆਂ ਉਦਾਹਰਣਾਂ ਤੋਂ ਅਸੀਂ ਕੀ ਪ੍ਰੇਰਨਾ ਲੈ ਸਕਾਂਗੇ? ਜਿਨ੍ਹਾਂ ਦੇ ਹੋਣ ਜਾਂ ਨਾ ਹੋਣ ਬਾਰੇ ਸਾਡੇ ਕੋਲ ਕੋਈ ਪ੍ਰਮਾਣ, ਕੋਈ ਸਬੂਤ ਹੀ ਨਹੀਂ। ਕੋਈ ਸੰਨ, ਕੋਈ ਤਾਰੀਖ਼, ਦਿਨ-ਵਾਰ ਦਾ ਹੀ ਪਤਾ ਨਹੀਂ ਤਾਂ ਕੀ ਲੋੜ ਹੈ ਅਜਿਹੇ ਕਲਪਿਤ ਬਿਰਤਾਂਤ ਸੁਣਾਉਣ ਦੀ। ਸਾਡੇ ਕੋਲ ਸਾਡਾ ਪ੍ਰਮਾਣਿਕ, ਦੁਨੀਆਂ ਦਾ ਸਰਵਸ਼੍ਰੇਸ਼ਟ ਇਤਿਹਾਸ ਮੌਜੂਦ ਹੈ। ਸਭ ਤੋਂ ਮਹਾਨ ਫਲਸਫ਼ਾ ਜੀਵਨ ਦਰਸ਼ਨ ਸਮੇਟੀ ਬੈਠੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਹਨ, ਜਿਸ ਵਿਚ ਜ਼ਿੰਦਗੀ ਦੇ ਹਰ ਪੱਖ 'ਤੇ ਅਨੰਤ ਰੌਸ਼ਨੀ ਮਿਲਦੀ ਹੈ। ਫਿਰ ਕਿਉਂ ਅਸੀਂ ਆਪਣੇ ਵਿਹੜੇ ਦਾ ਦਗਦਾ ਸੂਰਜ ਛੱਡ ਕੇ ਕਿਸੇ ਦੇ ਦੀਵੇ ਦੀ ਲੋਅ ਤੋਂ ਚਾਨਣ ਭਾਲਦੇ ਹਾਂ?

ਦੂਸਰੀ ਸਭ ਤੋਂ ਵੱਡੀ ਦੁੱਖ ਦੇਣ ਵਾਲੀ ਗੱਲ ਪੰਜਾਬੀਆਂ ਵੱਲੋਂ ਆਪਣੀ ਮਾਂ ਬੋਲੀ ਦੀ ਕੀਤੀ ਜਾਂਦੀ ਬੇਕਦਰੀ ਹੈ। ਇਸ ਮਹਾਨ ਮਾਂ ਨੂੰ ਜਦ ਆਪਣੇ ਹੀ ਪੁੱਤਾਂ ਵੱਲੋਂ ਪੈਰਾਂ ਵਿਚ ਰੋਲੀ ਜਾਂਦੀ ਦੇਖਦਾ ਹਾਂ ਤਾਂ ਮੇਰੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਅੱਜ ਜਿਸ ਤਰ੍ਹਾਂ ਅੰਗਰੇਜ਼ੀ ਤੇ ਹਿੰਦੀ ਬੋਲਣ ਦਾ ਭੂਤ ਸਾਡੇ ਸਿਰਾਂ 'ਤੇ ਸਵਾਰ ਹੈ, ਉਸ ਤੋਂ ਮੈਨੂੰ ਸਾਡੀ ਮਾਂ ਬੋਲੀ ਤੇ ਨਾਲ ਹੀ ਪੰਜਾਬੀਆਂ ਦਾ ਭਵਿੱਖ ਵੀ ਚੰਗਾ ਨਜ਼ਰ ਨਹੀਂ ਆਉਂਦਾ। ਕਿਸੇ ਵਿਦਵਾਨ ਦਾ ਇਹ ਕਥਨ ਹਰ ਕੌਮ ਨੂੰ ਸੋਨੇ 'ਚ ਮੜ੍ਹਾ ਕੇ ਰੱਖਣਾ ਚਾਹੀਦਾ ਹੈ ਕਿ ਜੇ ਕਿਸੇ ਨੂੰ ਸਭ ਤੋਂ ਵੱਡੀ ਬਦਦੁਆ ਦੇਣੀ ਹੋਵੇ ਤਾਂ ਕਹੋ, "ਜਾਹ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।" ਵਾਕਈ ਇਸ ਤੋਂ ਵੱਡੀ ਹੋਰ ਕੋਈ ਬਦ-ਦੁਆ ਹੋ ਹੀ ਨਹੀਂ ਸਕਦੀ। ਜਿਸ ਕੌਮ ਨੂੰ ਖਤਮ ਕਰਨਾ ਹੋਵੇ, ਉਸ ਨੂੰ ਉਸ ਦੀ ਬੋਲੀ ਨਾਲੋਂ ਤੋੜ ਦਿਓ। ਜਿਹੜੀ ਕੌਮ ਆਪਣੀ ਬੋਲੀ, ਆਪਣਾ ਵਿਰਸਾ, ਆਪਣਾ ਸੱਭਿਆਚਾਰ ਭੁੱਲ ਗਈ, ਫਿਰ ਉਸ ਨੂੰ ਤਬਾਹ ਹੋਣ ਤੋਂ ਕੋਈ ਨਹੀਂ ਬਚਾ ਸਕਦਾ। ਬੋਲੀ ਨਾਲ ਹੀ ਮਨੁੱਖ ਦੀ ਵੱਖਰੀ ਪਹਿਚਾਣ ਹੁੰਦੀ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਹਿੰਦੀ, ਅੰਗਰੇਜ਼ੀ ਬੋਲਣ ਨੂੰ 'ਸਟੇਟਸ' ਸਮਝਦੀ ਹੈ। ਇਸ ਤਰ੍ਹਾਂ ਉਹ ਆਪਣੇ ਬਹੁਤ ਜ਼ਿਆਦਾ ਪੜ੍ਹੇ-ਲਿਖੇ ਅਤੇ ਅਗਾਂਹਵਧੂ ਹੋਣ ਦਾ ਵਿਖਾਵਾ ਕਰਦੇ ਹਨ। ਉਨ੍ਹਾਂ ਨੂੰ ਪੰਜਾਬੀ ਪੇਂਡੂਆਂ ਅਤੇ ਅਨਪੜ੍ਹਾਂ ਦੀ ਭਾਸ਼ਾ ਨਜ਼ਰ ਆਉਂਦੀ ਹੈ। ਇਹ ਉਨ੍ਹਾਂ ਦੀ ਬਿਮਾਰ ਸੋਚ ਅਤੇ ਗੁਲਾਮ ਜਹਿਨੀਅਤ ਦੀ ਨਿਸ਼ਾਨੀ ਹੈ। ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਹੈ, ਸਾਨੂੰ ਇਸ ਦਾ ਸਨਮਾਨ ਕਰਨਾ ਬਣਦਾ ਹੈ। ਅੰਗਰੇਜ਼ੀ ਅੰਤਰਰਾਸ਼ਟਰੀ ਜ਼ੁਬਾਨ ਹੈ, ਸਿੱਖਣੀ ਲਾਜ਼ਮੀ ਹੈ ਪਰ ਇਹ ਸਿੱਖਣ ਲਈ ਮਾਂ ਬੋਲੀ ਨੂੰ ਪਿੱਠ ਦੇ ਦੇਣੀ ਆਪਣੀ ਮਾਂ, ਆਪਣੇ ਵਤਨ ਨਾਲ ਗੱਦਾਰੀ ਕਰਨ ਦੇ ਤੁਲ ਹੈ।

ਤੁਸੀਂ ਪਹਿਲੀ ਵਾਰ ਜਿਸ ਜ਼ੁਬਾਨ ਵਿਚ 'ਮਾਂ' ਕਹਿੰਦੇ ਹੋ, ਜਿਸ ਭਾਸ਼ਾ ਵਿਚ ਤੁਹਾਨੂੰ ਲੋਰੀਆਂ ਮਿਲਦੀਆਂ ਨੇ, ਜਿਸ ਵਿਚ ਮਾਂ ਤੁਹਾਨੂੰ ਲਾਡ ਲਡਾਉਂਦੀ ਹੈ, ਜਿਸ ਭਾਸ਼ਾ ਵਿਚ ਦਾਦੀ ਤੁਹਾਨੂੰ ਬਾਤਾਂ ਸੁਣਾਉਂਦੀ ਹੈ, ਜਿਸ ਭਾਸ਼ਾ ਵਿਚ ਕਿਲਕਾਰੀਆਂ ਮਾਰਦੇ ਖੇਡਦੇ ਹਾਣੀਆਂ ਨਾਲ ਲੜਦੇ, ਰੁੱਸਦੇ, ਮਨਾਉਂਦੇ, ਵੱਡੇ ਹੁੰਦੇ ਜੇ, ਜਿਸ ਭਾਸ਼ਾ ਵਿਚ ਅਧਿਆਪਕ ਤੋਂ ਬਚਪਨ ਪਹਿਰੇ ਹੀ ਗਿਆਨ ਦੀ ਰੌਸ਼ਨੀ ਲੈ ਕੇ ਦੁਨੀਆਂ 'ਚ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਜੋਗੇ ਹੁੰਦੇ ਹੋ, ਜਿਸ ਮਿੱਟੀ ਦੀ ਮਹਿਕ ਅਤੇ ਉਸ 'ਚੋਂ ਪੈਦਾ ਹੋਇਆ ਅੰਨ ਖਾ ਕੇ ਤੁਸੀਂ ਪਲਦੇ ਹੋ, ਉਸ ਭਾਸ਼ਾ, ਉਸ ਮਿੱਟੀ ਪ੍ਰਤੀ ਤੁਹਾਡੇ ਕਿੰਨੇ ਫਰਜ਼ ਬਣਦੇ ਨੇ, ਕਦੇ ਅਹਿਸਾਸ ਕਰਕੇ ਦੇਖਿਓ ਤੇ ਫਿਰ ਸੋਚਣਾ ਕਿ ਕੀ ਤੁਸੀਂ ਉਸ ਭਾਸ਼ਾ, ਉਸ ਮਿੱਟੀ ਦੀ ਬੇਪਤੀ ਨਹੀਂ ਕਰ ਰਹੇ?

ਜਿਸ ਬੋਲੀ 'ਚ ਬਾਬਾ ਫਰੀਦ ਜੀ, ਬਾਬਾ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਧੰਨਾ ਜੀ, ਭਗਤ ਨਾਮਦੇਵ ਜੀ ਆਦਿ ਅਕਾਲ ਪੁਰਖ ਦੇ ਪਿਆਰਿਆਂ ਨੇ ਮਿੱਠੇ-ਮਿੱਠੇ ਸਲੋਕ ਉਚਾਰੇ, ਜਿਸ ਬੋਲੀ ਰਾਹੀਂ ਗੁਰੂ ਸਾਹਿਬ ਦੀ ਮਹਾਨ ਬਾਣੀ ਅੱਜ ਪੂਰੇ ਵਿਸ਼ਵ ਲਈ ਚਾਨਣ ਮੁਨਾਰਾ ਬਣੀ ਹੋਈ ਹੈ, ਉਸ ਮਹਾਨ ਜ਼ੁਬਾਨ ਨੂੰ 'ਅਨਪੜ੍ਹਾਂ ਦੀ ਭਾਸ਼ਾ' ਕਹਿਣ ਵਾਲਾ ਖ਼ੁਦ ਹੀ ਜਾਹਿਲ, ਗੰਵਾਰ ਹੋ ਸਕਦਾ ਹੈ। ਸਾਡੀ ਮਾਂ ਬੋਲੀ ਤਾਂ ਸ਼ਹਿਦ ਵਰਗੀ ਮਿੱਠੀ, ਸਰਲ ਤੇ ਸੌਖੀ, ਤਾਮੀਜ਼-ਸ਼ਿਸ਼ਟਾਚਾਰ ਅਤੇ ਅਗਲੇ ਦਾ ਦਿਲ ਜਿੱਤ ਲੈਣ ਵਾਲੇ ਸ਼ਬਦਾਂ ਨਾਲ ਭਰਪੂਰ ਦੁਨੀਆਂ ਦੀਆਂ ਅਮੀਰ ਭਾਸ਼ਾਵਾਂ 'ਚੋਂ ਇਕ ਹੈ। ਇਸ ਦਾ ਸ਼ਬਦਕੋਸ਼ ਬੜਾ ਵਿਸ਼ਾਲ ਅਤੇ ਅਮੀਰ ਹੈ।

ਮੇਰੇ ਨਾਲ ਬਹੁਤ ਵਾਰ ਇਸ ਤਰ੍ਹਾਂ ਹੋਇਆ (ਖਾਸ ਤੌਰ 'ਤੇ ਕੁੜੀਆਂ ਨਾਲ ਗੱਲ ਕਰਦੇ ਸਮੇਂ) ਕਿ ਉਨ੍ਹਾਂ ਨੇ ਹਿੰਦੀ 'ਚ ਜ਼ਿਆਦਾ ਗੱਲ ਕਰਨੀ ਤੇ ਵਿਚ-ਵਿਚ ਲਾਈਨਾਂ ਇੰਗਲਿਸ਼ ਦੀਆਂ ਬੋਲਣੀਆਂ। ਮੈਂ ਉਨ੍ਹਾਂ ਨੂੰ ਪੁੱਛ ਲੈਣਾ ਕਿ ਤੁਸੀਂ ਪੰਜਾਬ ਦੇ ਹੋ ਜਾਂ ਕਿਸੇ ਬਾਹਰਲੀ ਸਟੇਟ ਤੋਂ। ਉਨ੍ਹਾਂ ਕਹਿਣਾ ਨਹੀਂ, ਅਸੀਂ ਤਾਂ ਜੰਮੇ-ਪਲੇ ਹੀ ਪੰਜਾਬ 'ਚ ਹਾਂ। ਮੈਂ ਪੁੱਛਣਾ, ਫਿਰ ਤਾਂ ਤੁਹਾਨੂੰ ਪੰਜਾਬੀ ਬੜੀ ਸੋਹਣੀ ਬੋਲਣੀ ਆਉਂਦੀ ਹੋਵੇਗੀ, ਉਨ੍ਹਾਂ ਕਹਿਣਾ ਹਾਂ, ਹੁਣ ਤੱਕ ਪੰਜਾਬੀ ਹੀ ਪੜ੍ਹਦੇ ਰਹੇ ਹਾਂ। ਮੈਂ ਕਹਿਣਾ, ਤਾਂ ਫਿਰ ਪੰਜਾਬੀ ਬੋਲਣ ਤੋਂ ਕਿਉਂ ਪ੍ਰਹੇਜ਼ ਕਰ ਰਹੇ ਜਦੋਂ ਕਿ ਮੈਂ ਵੀ ਪੰਜਾਬੀ ਹਾਂ ਤੇ ਪੰਜਾਬੀ ਹੀ ਪੜ੍ਹਿਆ ਤੇ ਬੋਲਦਾ ਹਾਂ। ਇਥੇ ਤੁਹਾਡੀ ਹਿੰਦੀ ਜਾਂ ਅੰਗਰੇਜ਼ੀ ਬੋਲਣ ਦੀ ਕੋਈ ਮਜਬੂਰੀ ਨਹੀਂ ਹੈ ਕਿਉਂ ਆਪਣੀ ਮਾਂ ਦੀ ਨਿੱਘੀ ਗੋਦ ਤਿਆਗ ਕੇ ਚਾਚੀ, ਤਾਈ ਦੀ ਉਂਗਲ ਫੜੀ ਫਿਰਦੇ ਹੋ? ਕਈ ਵਾਰ ਮੈਨੂੰ ਸੱਜਣਾਂ-ਮਿੱਤਰਾਂ, ਪ੍ਰਸੰਸ਼ਕਾਂ ਦੀਆਂ ਚਿੱਠੀਆਂ ਮਿਲਦੀਆਂ ਹਨ ਤਾਂ ਉਨ੍ਹਾਂ ਦੀ ਸ਼ੁਰੂਆਤ 'ਮਾਈ ਡੀਅਰ..., ਵੈਰੀ-ਵੈਰੀ ਸਵੀਟ..., ਗੁੱਡ ਮਾਰਨਿੰਗ..., ਹਾਊ ਆਰ ਯੂ...., ਆਦਿ ਤੋਂ ਕੀਤੀ ਹੋਣੀ, ਅੱਗੇ ਸਾਰੀ ਪੰਜਾਬੀ। ਮੈਂ ਹੈਰਾਨ ਹੁੰਦਾ ਹਾਂ, ਪ੍ਰੇਸ਼ਾਨ ਵੀ ਕਿ ਮਾਂ ਬੋਲੀ 'ਚ ਇਨ੍ਹਾਂ ਦੇ ਸਮਾਨਅਰਥਕ ਬੜੇ ਹੀ ਸਨੇਹਮਈ ਸ਼ਬਦ ਮਿਲਦੇ ਹਨ ਜਿਵੇਂ "ਮੇਰੇ ਪਿਆਰੇ..., ਬੜੇ ਹੀ ਨਿੱਘੇ ਅਤੇ ਮਿੱਠੇ..., ਤੁਸੀਂ ਕਿਵੇਂ ਹੋ?" ਆਦਿ। ਮੈਂ ਫਿਰ ਬਹੁਤਿਆਂ ਨੂੰ ਸਮਝਾਇਆ ਕਿ ਜੇ ਐਡੇ ਹੀ ਅੰਗਰੇਜ਼ ਹੋ ਤਾਂ ਫਿਰ ਪੂਰੀ ਚਿੱਠੀ ਹੀ ਅੰਗਰੇਜ਼ੀ 'ਚ ਲਿਖੋ। ਜਾਂ ਫਿਰ ਮਾਂ ਬੋਲੀ ਦੀ ਸ਼ਰਨ ਆ ਜਾਓ। ਯਾਦ ਰੱਖੋ, ਮਾਂ ਬੋਲੀ ਗੁੜ੍ਹਤੀ ਤੋਂ ਲੈ ਕੇ ਇਸ ਧਰਤੀ ਤੋਂ ਵਿਦਾ ਹੋਣ ਵੇਲੇ ਪੈਂਦੇ ਵੈਣਾਂ ਤੱਕ ਮਨੁੱਖ ਦਾ ਸਾਥ ਨਿਭਾਉਂਦੀ ਹੈ।

ਮੈਂ ਸੱਤਵੀਂ-ਅੱਠਵੀਂ ਕਲਾਸ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਬਹੁਤ ਵਾਰ ਪੁੱਛ ਕੇ ਦੇਖਿਆ ਹੈ ਕਿ ਬਿੰਦੀ ਕਿਹੜੇ-ਕਿਹੜੇ ਅੱਖਰ ਦੇ ਪੈਰਾਂ ਵਿਚ ਪੈਂਦੀ ਹੈ ਅਤੇ ਕਿਉਂ? ਲਾਂ ਅਤੇ ਦੁਲਾਂ 'ਚ ਕੀ ਫ਼ਰਕ ਹੈ? ਕਿਸੇ ਅੱਖਰ ਦੇ ਪੈਰ 'ਚ 'ਹ' ਪਾਉਣ ਨਾਲ ਕੀ ਫਰਕ ਪੈਂਦਾ ਹੈ। ਸਿਹਾਰੀ-ਬਿਹਾਰੀ ਦਾ ਪ੍ਰਯੋਗ ਕਿੱਥੇ ਕਰਨਾ ਹੁੰਦਾ ਹੈ? ਇਕ ਬਿੰਦੀ, ਟਿੱਪੀ, ਦੁਲੈਂਕੜ, ਔਂਕੜ, ਅੱਧਕ ਵੱਧ ਜਾਂ ਘੱਟ ਪਾਉਣ ਨਾਲ ਕਿੰਝ ਕਿਸੇ ਸ਼ਬਦ ਦੇ ਅਰਥ ਹੀ ਬਦਲ ਜਾਂਦੇ ਨੇ। ਮੈਂ ਵੇਖਿਆ, ਉਨ੍ਹਾਂ 'ਚੋਂ 98 ਫੀਸਦੀ ਵਿਦਿਆਰਥੀ ਇਸ ਗੱਲੋਂ ਅਨਜਾਣ ਸਨ ਜਦੋਂ ਕਿ ਇਹ ਸਭ ਕੁਝ ਤਾਂ ਪ੍ਰਾਇਮਰੀ ਤੱਕ ਸਿੱਖਣ ਵਾਲੀਆਂ ਗੱਲਾਂ-ਬਾਤਾਂ ਹਨ।

ਹੋਰ ਖੇਤਰਾਂ ਵਿਚ ਵੀ ਇਹੋ ਹੀ ਵਾਪਰ ਰਿਹਾ ਹੈ। ਅੱਜ ਟੀ.ਵੀ. ਦੇ ਪੰਜਾਬੀ ਚੈਨਲਾਂ 'ਤੇ ਜੋ ਪਰੋਸਿਆ ਜਾ ਰਿਹਾ ਹੈ, ਕੀ ਇਹ ਸਾਡਾ ਸੱਭਿਆਚਾਰ ਹੈ? ਕੀ ਇਸ ਦੇ ਪ੍ਰੋਗਰਾਮ 'ਚ ਸਾਡੀ ਆਮ ਬੰਦੇ ਦੀ ਜ਼ਿੰਦਗੀ ਨਾਲ ਜੁੜੇ ਦੁੱਖਾਂ-ਸੁੱਖਾਂ ਦੀ ਬਾਤ ਪਾਈ ਜਾਂਦੀ ਹੈ? ਇਨ੍ਹਾਂ ਵਿਚ ਪੇਸ਼ ਪਹਿਰਾਵਾ, ਰਹਿਣ-ਸਹਿਣ, ਖਾਣ-ਪੀਣ ਕਿਵੇਂ ਵੀ ਸਾਡਾ ਨਹੀਂ। ਤੇ ਜਦੋਂ ਅਸੀਂ ਦਿਖਾਏ ਜਾਂਦੇ ਦਾ ਅਨੁਕਰਣ ਕਰਦੇ ਹਾਂ, ਅਸੀਂ ਆਪਣੇ ਅਸਲੇ ਨਾਲੋਂ ਟੁੱਟ ਜਾਂਦੇ ਹਾਂ।

ਇਸੇ ਤਰ੍ਹਾਂ ਮੈਂ ਗਿਆਨ ਦੀ ਦੁਨੀਆਂ 'ਚ ਵੀ ਇਹੋ ਵਰਤਾਰਾ ਵਰਤਦਾ ਦੇਖਦਾ ਹਾਂ। ਸਾਡੇ ਵਿਦਵਾਨ/ਬੁੱਧੀਜੀਵੀ ਆਪਣੇ ਭਾਸ਼ਣਾਂ ਦੌਰਾਨ ਜਾਂ ਪੇਪਰ ਪੜ੍ਹਦਿਆਂ ਜਾਂ ਲਿਖਦਿਆਂ ਰਚਨਾਵਾਂ 'ਚ ਵਿਦੇਸ਼ੀ ਲੇਖਕਾਂ, ਫਿਲਾਸਫਰਾਂ, ਵਿਦਵਾਨਾਂ ਦਾ ਅਕਸਰ ਜ਼ਿਕਰ ਕਰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ, ਨਾਵਲਾਂ, ਨਾਟਕਾਂ ਜਾਂ ਸਿਧਾਂਤਾਂ 'ਚੋਂ ਅਕਸਰ ਉਦਾਹਰਣਾਂ ਦਿੰਦੇ ਹਨ ਜਿਵੇਂ ਸ਼ੈਕਸਪੀਅਰ, ਟਾਲਸਟਾਏ, ਗੋਰਕੀ, ਕਾਮੂ, ਸਾਰਤਰ ਆਦਿ-ਆਦਿ। ਮੈਨੂੰ ਨਹੀਂ ਲੱਗਦਾ ਕਿ ਪੰਜਾਬੀ ਵਿਚ ਮਹਾਨ ਲੇਖਕਾਂ, ਫਿਲਾਸਫਰਾਂ, ਵਿਦਵਾਨਾਂ ਦੀ ਕੋਈ ਕਮੀ ਹੈ। ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ, ਵਰਿਆਮ ਸਿੰਘ ਸੰਧੂ, ਡਾ. ਜਗਤਾਰ ਅਤੇ ਹੋਰ ਬਹੁਤ ਸਾਰੇ ਵਿਦਵਾਨ ਸਾਡੇ ਕੋਲ ਮੌਜੂਦ ਹਨ। ਜਿਨ੍ਹਾਂ ਨੇ ਵਿਸ਼ਵ ਪੱਧਰ ਦਾ ਸਾਹਿਤ ਰਚਿਆ ਜੋ ਵਿਦੇਸ਼ਾਂ ਵਿਚ ਵੀ ਪੜ੍ਹਿਆ, ਸਲਾਹਿਆ ਅਤੇ ਸਤਿਕਾਰਿਆ ਗਿਆ। ਜ਼ਿੰਦਗੀ ਦਾ ਕਿਹੜਾ ਪੱਖ ਹੈ, ਜਿਸ 'ਤੇ ਇਨ੍ਹਾਂ ਨੇ ਗੱਲ ਨਹੀਂ ਕੀਤੀ। ਇਹ ਗੱਲ ਵੱਖਰੀ ਹੈ ਕਿ ਆਧੁਨਿਕਵਾਦ ਅਤੇ ਉੱਤਰ ਆਧੁਨਿਕਵਾਦ ਆਦਿ ਵਰਗੇ ਫਾਲਤੂ ਝਮੇਲਿਆਂ (ਜਿਸ ਤੋਂ ਆਮ ਲੋਕਾਂ ਨੇ ਕੁਝ ਲੈਣਾ-ਦੇਣਾ ਨਹੀਂ) ਵਿਚ ਇਹ ਮਹਾਨ ਲੇਖਕ ਨਹੀਂ ਪਏ। ਸਗੋਂ ਆਪਣੀਆਂ ਲਿਖਤਾਂ ਰਾਹੀਂ ਇਕ ਸਦੀ ਤੋਂ ਲੋਕਾਂ ਨੂੰ ਚੰਗੇ, ਸਚਿਆਰੇ ਬਣਾਉਣ ਵਿਚ ਕੋਈ ਕਸਰ ਨਹੀਂ ਛੱਡ ਰਹੇ।

ਜੇ ਅਸੀਂ ਖਾਣ-ਪੀਣ ਦੀ ਗੱਲ ਕਰੀਏ ਤਾਂ ਇਧਰ ਵੀ ਵਾਜੇ ਵੱਜੇ ਪਏ ਨੇ। ਮੇਰੇ ਬਚਪਨ 'ਚ ਮੈਨੂੰ ਆਹ ਪੀਜਾ, ਬਰਗਰ, ਨੂਡਲਸ, ਚਾਈਨੀਜ਼ ਫੂਡ ਅਤੇ ਹੋਰ ਉਰਲ-ਪੁਰਲ ਦਾ ਕੋਈ ਪਤਾ ਨਹੀਂ ਸੀ ਨਾ ਹੀ ਕਦੇ ਇਨ੍ਹਾਂ ਬਾਰੇ ਸੁਣਿਆ ਸੀ। ਪੰਜਾਬ ਵਿਚ 'ਠੰਢੇ' ਦੇ ਨਾਮ 'ਤੇ ਚਾਟੀ ਦੀ ਠੰਢੀ ਮਿੱਠੀ ਲੱਸੀ, ਨਿੰਬੂ ਦੀ ਸ਼ਿਕੰਜਵੀ ਜਾਂ ਫਿਰ ਮੇਰੀ ਸੁਰਤ ਤੋਂ ਪਹਿਲਾਂ ਦੱਸਦੇ ਐ ਜੌਂਆਂ ਦੇ ਸੱਤੂ ਦਾ ਸ਼ਰਬਤ ਬਣਾ ਕੇ ਪੀਤਾ ਜਾਂਦਾ ਸੀ। ਇਹ ਚੀਜ਼ਾਂ ਪੀਣ ਨਾਲ ਗਰਮੀ ਵੀ ਦੂਰ ਭੱਜਣੀ ਅਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਤਰੋ-ਤਾਜ਼ਾ ਵੀ ਹੋਣਾ। ਹੁਣ 'ਕੈਂਪਾ ਕੋਲਾ', 'ਲਿਮਕਾ' ਤੇ ਹੋਰ ਖਬਰੇ ਕਿਹੜੇ-ਕਿਹੜੇ 'ਠੰਢੇ' ਬਾਜ਼ਾਰ 'ਚ ਪੀਤੇ ਜਾਂਦੇ ਹਨ। ਮੈਨੂੰ ਨਹੀਂ ਪਤਾ ਲੱਗਦਾ ਕਿ ਲੱਸੀ, ਸ਼ਕੰਜਵੀਂ ਜਾਂ ਸੱਤੂ ਵਾਂਗ ਮਿਹਦੇ ਦੀ ਗਰਮੀ ਦੂਰ ਭਜਾਉਂਦੇ ਹੋਣ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਕੋਲਾ ਵਾਲੇ ਦਸ ਰੁਪਏ ਦੇ ਨਿੰਬੂ ਅਤੇ ਖੰਡ ਲੈ ਲਵੋ ਤਾਂ ਤੁਸੀਂ ਦੋ ਵਾਰ ਰੱਜ ਕੇ ਸ਼ਕੰਜਵੀਂ ਪੀ ਸਕਦੇ ਹੋ ਜੋ ਕਈ ਤਰ੍ਹਾਂ ਦੇ ਰੋਗ ਵੀ ਕੱਟਦੀ ਹੈ। ਪਰ ਐਨੀ ਖੇਚਲ ਕਰਨੀ ਤਾਂ ਔਖੀ ਹੈ ਨਾ, ਨਾਲੇ ਦੇਸੀ ਚੀਜ਼ ਵਰਤਣ ਨਾਲ 'ਸਟੇਟਸ' ਵੀ ਤਾਂ ਖਰਾਬ ਹੁੰਦਾ ਹੈ। ਗੁੜ ਦੇ ਚੌਲਾਂ ਜਾਂ ਦਲੀਏ ਨਾਲ ਪਾਏ ਕੱਚੇ ਦੁੱਧ ਦਾ, ਖਿਚੜੀ ਵਿਚ ਪਾਏ ਦਹੀ ਦਾ, ਗੰਨਿਆਂ ਦੀ ਰੌਹ ਵਿਚ ਪਾਈ ਲੱਸੀ ਦਾ, ਮਿੱਸੀਆਂ ਰੋਟੀਆਂ 'ਤੇ ਧਰੀ ਮੱਖਣੀ ਦਾ, ਅੰਬ ਦੇ ਅਚਾਰ ਨਾਲ ਗੰਢਿਆਂ ਦਾ ਸਵਾਦ ਭਲਾ ਇਨ੍ਹਾਂ ਪੀਜਿਆਂ, ਬਰਗਰਾਂ 'ਚੋਂ ਮਿਲ ਜਾਏਗਾ ਕਿਤੇ? ਤੇ ਫਿਰ ਕੀ ਇਨ੍ਹਾਂ ਨੂੰ ਖਾ ਕੇ ਕਿੱਕਰ ਸਿੰਘ, ਗਾਮੇ ਅਤੇ ਦਾਰਾ ਸਿੰਘ ਵਰਗੇ ਭਗਵਾਨ ਬਣ ਜਾਣਗੇ ਅੱਜ ਦੇ

ਕਾਗਤੀ ਨੌਜਵਾਨ? ਹੋਰ ਤਾਂ ਹੋਰ, ਹੁਣ ਤਾਂ ਰੁੱਖ ਵੀ ਦੇਸੀ ਨਹੀਂ ਲਾਏ ਜਾਂਦੇ। ਉਹ ਵੀ ਵਿਦੇਸ਼ੀ ਲੱਭੇ ਜਾਂਦੇ ਹਨ। ਟਾਹਲੀਆਂ, ਤੂਤ, ਸ਼ਰੀਹ, ਪਿੱਪਲ, ਬੋਹੜ, ਨਿੰਮਾਂ, ਕਿੱਕਰ ਕਿਸੇ ਘਰ ਵਿਚ ਤਾਂ ਕੀ ਹੁਣ ਤਾਂ ਖੇਤਾਂ ਵਿਚ ਵੀ ਕਿਤੇ ਵਿਰਲੇ ਹੀ ਦਿਸਦੇ ਨੇ।

ਪੰਜ ਲੱਖ ਲਾ ਕੇ ਕੋਠੀ ਪਾਈ ਏ, ਇਥੇ ਹੁਣ ਮੈਂ ਟਾਹਲੀ ਲਾਵਾਂ? ਇਥੇ ਤਾਂ ਅਸ਼ੋਕਾ, ਬੋਤਲ ਬੁਰਸ਼ ਅਤੇ ਹੋਰ ਅਜਿਹੇ ਆਧੁਨਿਕ ਟਾਈਪ ਦੇ ਰੁੱਖ ਲਾਵਾਂਗੇ। ਫਿਰ ਹੀ ਸਾਡਾ ਸਟਟੇਸ ਬਣੇਗਾ। ਇਹ ਦੇਸੀ ਰੁੱਖ ਤਾਂ ਕੋਠਿਆਂ 'ਚ ਲੱਗਦੇ ਨੇ, ਕੋਠੀਆਂ 'ਚ ਨਹੀਂ। ਨਿੰਮ, ਕਿੱਕਰ ਦੀ ਦਾਤਣ ਕਰਦੇ ਚੰਗੇ ਲੱਗਦੇ ਹਾਂ? ਐਵੇਂ ਜੜ੍ਹਾਂ ਦੇ ਕੀੜੇ ਮਰ ਜਾਣਗੇ।

ਆਪਾਂ ਤਾਂ ਬੁਰਸ਼ ਕਰਾਂਗੇ, ਭਾਵੇਂ ਦੰਦਾਂ 'ਚ ਵਿਰਲਾਂ ਹੀ ਪੈ ਜਾਣ। ਸਭ ਤੋਂ ਦੁੱਖ ਵਾਲੀ ਤੇ ਗਟੀਆ ਗੱਲ ਤੁਹਾਨੂੰ ਦੱਸਾਂ। ਹੁਣ ਦੇ ਨੌਜਵਾਨ ਤਾਂ ਕੁੜਤੇ ਚਾਦਰੇ ਵਿਚ ਫਿਰਦੇ ਪਿਉ ਨੂੰ ਵੀ ਪਿਉ ਮੰਨਣ ਤੋਂ ਸ਼ਰਮਾਉਂਦੇ ਨੇ। ਜੇ ਕਿਸੇ ਸ਼ਹਿਰ 'ਚ ਰਹਿੰਦੇ ਪੁੱਤਰ ਕੋਲ (ਜੇ ਕਿਤੇ ਪੁੱਤਰ ਸਰਕਾਰੀ ਅਫ਼ਸਰ ਲੱਗਾ ਹੋਵੇ ਤਾਂ ਫਿਰ ਤਾਂ ਕਹਿਣਾ ਈ ਕੀ) ਪਿਉ ਇਸ ਦੇਸੀ ਪਹਿਰਾਵੇ 'ਚ ਮਿਲਣ ਚਲਾ ਜਾਵੇ ਤਾਂ ਪੁੱਤਰ ਸ਼ਰਮ ਨਾਲ ਅੱਧਾ ਹੋ ਜਾਂਦਾ ਹੈ। ਲੋਕੀਂ ਕੀ ਆਖਣਗੇ ਇਹਦਾ ਪਿਉ ਦੇਸੀ ਜਿਹਾ ਏ। ਉਹ ਦੋਸਤਾਂ ਨੂੰ ਮਿਲਾਉਣ ਤੋਂ ਝਿਜਕਦਾ ਏ। ਜੇ ਕੋਈ ਪੁੱਛ ਹੀ ਲਵੇ ਬਜ਼ੁਰਗ ਕੌਣ ਏ ਤਾਂ ਦੱਸਦਾ ਏ ਆਪਣੇ ਪਿੱਛੋਂ ਈ ਏ।

ਦੱਸੋ ਐਸ ਤੋਂ ਵੱਧ ਹੋਰ ਕਿੰਨਾ ਕੁ ਡਿੱਗਾਂਗੇ ਅਸੀਂ? ਮੈਨੂੰ ਡਰ ਹੈ ਕਿ ਕਿਤੇ ਕਿਸੇ ਦਿਨ ਅਸੀਂ ਸਾਦਗੀ ਦੇ ਉਪਾਸ਼ਕ, ਹੱਥੀਂ ਖੇਤੀ ਕਰਨ ਵਾਲੇ ਬਾਬੇ ਨਾਨਕ ਨੂੰ ਹੀ ਆਪਣਾ ਗੁਰੂ ਮੰਨਣ ਤੋਂ ਇਨਕਾਰ ਨਾ ਕਰ ਦਈਏ। ਆਉ, ਅਸੀਂ ਆਪਣੇ ਮੂਲ ਨੂੰ ਪਹਿਚਾਣੀਏ। ਆਪਣੀ ਜੜ੍ਹ, ਆਪਣੇ ਅਸਲੇ ਨਾਲ ਜੁੜੇ ਰਹੀਏ। ਨਹੀਂ ਤਾਂ ਜੜ੍ਹ ਨਾਲੋਂ ਟੁੱਟ ਕੇ ਭਲਾ ਕੋਈ ਕਿੰਨਾ ਕੁ ਚਿਰ ਜਿਊਂਦਾ ਰਹਿ ਸਕਦਾ ਏ?

# ਆਪਣਾ ਪਿੰਡ

**ਨਰੰਜਨ ਸਿੰਘ ਵਿਰਕ**

ਬਾਰਾਂ ਸਾਲਾਂ ਬਾਅਦ ਅਫਰੀਕਾ ਤੋਂ ਪਰਤਿਆ। ਮੇਰੇ ਦੇਸ਼ ਦੀ ਧਰਤੀ ਮੱਥਾ ਟੇਕਿਆ। ਆਪਣਾ ਦੇਸ਼ ਆਪਣਾ ਹੀ ਹੁੰਦਾ ਹੈ ਇਥੋਂ ਦੀ ਹਵਾ ਸੁਗੰਧਤ, ਬਾਹਰ ਡਾਲਰ ਜ਼ਰੂਰ ਕਮਾਏ ਪਰ ਜੋ ਸ਼ਾਂਤੀ ਆਪਣੇ ਪਿੰਡ ਜਾ ਕੇ ਮਿਲਦੀ ਹੈ ਕਿਤੇ ਨਹੀਂ ਮਿਲਦੀ।

ਪੈਂਦੀ ਸੱਟੇ ਪਿੰਡ ਪਹੁੰਚ ਗਏ ਜਿੱਥੇ ਛੱਪੜਾਂ ਵਿਚ ਕੱਟੇ ਦੀ ਪੂਛ ਫੜ ਕੇ ਤੈਰਨਾ ਸਿੱਖਿਆ–ਮੱਝਾਂ ਚਾਰੀਆਂ, ਪਿੰਡ ਵਾਲੀ ਪੱਕੀ ਸੜਕ, ਚਾਰ ਚੁਫੇਰੇ ਹਰਿਆਵਲ ਦੇਖ ਕੇ ਤਬੀਅਤ ਪ੍ਰਸੰਨ ਹੋ ਗਈ। ਸਕੂਲ ਜਾਂਦੇ ਬੱਚੇ ਵਰਦੀਆਂ ਵਿਚ ਦੇਖ ਕੇ ਅਨੰਦ ਆ ਗਿਆ। ਉਹ ਵੀ ਜ਼ਮਾਨਾ ਸੀ ਜਦੋਂ ਅਸੀਂ ਆਪਣੇ ਬੋਰੇ ਵਿਚ ਕਾਇਦਾ ਪਾ ਕੇ ਸਕੂਲ ਜਾ ਕੇ ਉਸੇ ਬੋਰੇ ਉੱਤੇ ਬੈਠ ਕੇ ਜ਼ਮੀਨ ਸਾਫ਼ ਕਰਕੇ ਉਂਗਲੀ ਨਾਲ ਲਿਖਣਾ ਸਿੱਖਿਆ ਸੀ।

ਸ਼ਾਮ ਨੂੰ ਖੁੰਡ ਚਰਚਾ ਹੋਈ। ਸਰਪੰਚ ਨੂੰ ਮਿਲੇ–ਮੇਰਾ ਇਕੋ ਸੁਆਲ ਸੀ – ਸਭ ਲੋਕ ਖੁਸ਼ ਹਨ ਚਾਰ ਚੁਫੇਰੇ ਹਰਿਆਵਲ ਹੈ ਇਹ ਚਮਤਕਾਰ ਕਿੱਦਾਂ ਹੋਇਆ, ਉਹ ਬੋਲਿਆ – "ਬਾਈ ਜੀ ! ਆਪਣੇ ਪਿੰਡ ਦੇ ਮੁੰਡੇ ਵਧੀਆ ਨੌਕਰੀਆਂ ਤੇ ਲੱਗੇ ਹੋਏ ਹਨ। ਉਨ੍ਹਾਂ ਨੇ ਰਲ ਕੇ ਤਿੰਨ–ਤਿੰਨ ਮਹੀਨਿਆਂ ਦੀ ਤਨਖਾਹ ਇਕੱਠੀ ਕੀਤੀ। ਪੈਸੇ ਜਮ੍ਹਾਂ ਹੋਣ ਤੇ ਪੰਜਾਬ ਸਰਕਾਰ ਨੇ ਇਕ ਸਮਾਜਿਕ ਪਰਉਪਕਾਰ ਸੰਸਥਾ Village Life Improvement Foundation ਸਥਾਪਿਤ ਕੀਤੀ ਹੈ। ਇਸ ਸੰਸਥਾ ਦਾ ਕੰਮ ਹੈ ਪੈਸੇ ਮਿਲਣ ਤੇ ਪੰਜਾਬ ਸਰਕਾਰ ਵੱਲੋਂ ਸਬਸਿਡੀ ਨਾਲ ਪਿੰਡ ਦਾ ਨਕਸ਼ਾ ਬਣਾ ਕੇ, ਮੀਂਹ ਪਾਣੀ ਦੀ ਸਹੀ ਨਿਕਾਸੀ ਕਰਨੀ, ਸੀਵਰ ਸਿਸਟਮ ਲਾਉਣਾ ਤੇ ਗੰਦੇ ਪਾਣੀ ਨੂੰ ਪਲਾਂਟ ਰਾਹੀਂ ਸਾਫ਼ ਕਰਕੇ ਨੇੜੇ ਕਿਸਾਨਾਂ ਨੂੰ ਕਾਸ਼ਤ ਵਾਸਤੇ ਦੇਣਾ, ਛੱਪੜਾਂ ਨੂੰ ਸਾਫ਼ ਕਰਕੇ ਉੱਥੇ ਮੱਛੀਆਂ ਪਾਲਣਾ। ਇਨ੍ਹਾਂ ਦੀ ਸਿੱਖਿਆ ਅਨੁਸਾਰ ਹਰ ਘਰ ਵਿਚ ਨਿੰਬੂ, ਪਪੀਤਾ, ਜਾਮਨ, ਅੰਬ ਦੇ ਬੂਟੇ ਲਾਤੇ। ਜਿੱਥੇ ਹੋ ਸਕਦਾ ਹੈ ਸੁਆਣੀਆਂ ਨੂੰ ਘਰ ਸਬਜ਼ੀਆਂ–ਕੱਦੂ, ਕਰੇਲਾ, ਤੋਰੀਆਂ ਦੀਆਂ ਵੇਲਾਂ ਤੇ ਭਿੰਡੀ, ਪਿਆਜ਼ ਲੱਸਣ ਆਦਿ ਦੇ ਬੀਜ ਪਨੀਰੀ ਦੇ ਕੇ ਕੰਮ ਸ਼ੁਰੂ ਕਰਵਾ ਦਿੱਤਾ। ਵਿਹਲੇ ਬੈਠੇ ਮੁੰਡਿਆਂ ਨੂੰ ਖੇਤਾਂ ਵਿਚ ਇਕ ਪਾਸੇ ਸਬਜ਼ੀਆਂ/ਫਲ ਲਾਉਣ ਵਾਸਤੇ ਸਿੱਖਿਆ ਦਿੱਤੀ। ਇਨ੍ਹਾਂ ਨੂੰ ਚੰਗੀ ਕਿਸਮ ਦੀਆਂ ਸਬਜ਼ੀਆਂ/ਫਲ ਦੇ ਬੀਜ, ਪਨੀਰੀਆਂ ਵਕਤ ਸਿਰ ਦਿੱਤੀਆਂ ਗਈਆਂ। ਸਬਜ਼ੀਆਂ/ਫਲ ਹੋਣ ਤੇ ਨੇੜੇ ਸ਼ਹਿਰਾਂ ਵਿਚ ਵੇਚਣ ਦਾ ਇੰਤਜ਼ਾਮ ਕਰਤਾ। ਨਤੀਜਾ ਤੁਹਾਡੇ ਸਾਹਮਣੇ ਹੈ। ਕੋਈ ਵਿਹਲਾ ਨਹੀਂ ਬੈਠਦਾ। ਬੱਚੇ ਫਲ/ਸਬਜ਼ੀਆਂ ਦਾ ਕੰਮ ਖੁਸ਼ੀ–ਖੁਸ਼ੀ ਪੜ੍ਹਾਈ ਤੋਂ ਵਾਧੂ ਵਕਤ ਵਿਚ ਕਰਕੇ ਮੰਮੀ, ਪਾਪਾ ਦੀ ਆਮਦਨ ਵਿਚ ਵਾਧਾ ਕਰਦੇ ਹਨ। ਤਾਜ਼ੀਆਂ ਸਬਜ਼ੀਆਂ/ਫਲ ਖਾ ਕੇ ਇਨ੍ਹਾਂ ਦੀ ਸਿਹਤ ਵੀ ਵਧੀਆ ਬਣ ਗਈ।

ਸਰਕਾਰੀ ਮਹਿਕਮੇ ਨੂੰ ਬੋਲ ਕੇ ਹੱਥ–ਪੇਸ਼ਾ ਵਿੱਦਿਆ ਦਾ ਸਕੂਲ ਖੋਲ੍ਹਿਆਂ ਗਆ ।ਬ ੱਚੇਹ_ਣ ਬਜਲੀ,ਪ ਲੰਬਰ,ਮ ੱਛੀਆਂਪ ਾਲਣ ਆਦਿ ਦੇ ਕੰਮਾਂ ਵਿਚ ਮਾਹਿਰ ਹਨ। ਇਥੋਂ ਦੀਆਂ ਕੁੜੀਆਂ ਦੇ ਬਾਗ ਕੱਢੇ ਬਾਹਰਲੇ ਦੇਸ਼ਾਂ ਵਿਚ 300 ਡਾਲਰ ਤੱਕ ਵਿਕਦੇ ਹਨ। ਭਲਾ ਹੋਵੇ ਇਨ੍ਹਾਂ ਮੁੰਡਿਆਂ ਦਾ। ਆਪਣਾ ਪਿੰਡ ਨਹੀਂ ਭੁੱਲੇ ਸਾਰਾ ਪਿੰਡ ਇਨ੍ਹਾਂ ਨੂੰ ਦਿਨ–ਰਾਤ ਅਸੀਸਾਂ ਦਿੰਦਾ ਹੈ। ਬਾਈ ਜੀ ! ਜੇ ਤੁਸੀਂ ਪਿੰਡ ਵਾਸਤੇ ਸਾਂਝਾ ਕੰਮ ਕਰਨਾ ਚਾਹੁੰਦੇ ਹੋ ਤਾਂ ਪਿੰਡ ਵਿਚ Solar System ਲਾ ਦਿਉ। ਪੰਜਾਬ ਸਰਕਾਰ ਵੱਲੋਂ ਇਸ ਵਾਸਤੇ ਸਬਸਿਡੀ ਵੀ ਹੈ। ਇਹ ਇਕ ਵਕਤ ਦਾ ਪੈਸਾ ਲੱਗਿਆ ਤੁਹਾਨੂੰ ਸਦੀਆਂ ਤੱਕ ਗਰਾਂਈ ਅਸੀਸਾਂ ਦੇਣਗੇ।

**"ਪੰਛੀ ਪੀਏ ਜਲ ਨਾ ਘਟੇ, ਘਟੇ ਨਾ ਸਰਿਤਾ ਨੀਰ**
**ਦਾਨ ਦੀਏ ਧਨ ਨਾ ਘਟੇ ਕਹ ਗਏ ਭਗਤ ਕਬੀਰ"**

ਗੁਰਦੁਆਰੇ ਵਿਚ ਭਾਈ ਜੀ ਅਰਦਾਸ ਕਰਨ ਉਪਰੰਤ ਮੁੱਖ ਵਾਕ ਉਚੀ–ਉਚੀ ਬੋਲ ਰਿਹਾ ਸੀ।

**595, ਫੇਜ਼-3 ਏ, ਮੁਹਾਲੀ**
**ਮੋ. 98037-44401**

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮਾਤਾ ਰਵੇਲ ਕੌਰ ਜੀ ਸੁਪਤਨੀ ਸਰਦਾਰ ਮੁਨਸ਼ਾ ਸਿੰਘ ਸੋਢੀ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 84 ਸਾਲਾਂ ਦੀ ਦੁਨਿਆਵੀ ਯਾਤਰਾ ਕਰਦੇ ਹੋਏ ਇਸ ਫਾਨੀ ਸੰਸਾਰ ਤੋਂ ਮਿਤੀ 13-01-2015 ਨੂੰ ਅਲਵਿਦਾ ਹੋ ਗਏ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਮਿਤੀ 23-01-2015 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਮਹਿੰਦੀਪੁਰ, ਨੇੜੇ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ। ਇਸ ਵਿੱਚ ਇਲਾਕੇ ਅਤੇ ਦੂਰੋਂ ਨੇੜੇ ਤੋਂ ਸੰਗਤਾਂ ਦਾ ਭਾਰੀ ਇਕੱਠ ਵਿੱਚ ਰਿਸ਼ਤੇਦਾਰ, ਮਿੱਤਰ, ਰਾਜਸੀ ਅਤੇ ਸਮਾਜਿਕ ਵਿਅਕਤੀਆਂ ਅਤੇ ਸੰਗਠਨਾਂ ਨੇ ਸ਼ਿਰਕਤ ਕੀਤੀ ਅਤੇ ਬਹੁਤ ਚੰਗੇ ਬੁਲਾਰਿਆਂ ਨੇ ਮਾਤਾ ਜੀ ਨੂੰ ਭਰਪੂਰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਸ੍ਰ. ਹਰਬੰਸ ਸਿੰਘ ਮੰਝਪੁਰ, ਸਾਬਕਾ ਮੈਂਬਰ ਐਸ.ਜੀ.ਪੀ.ਸੀ., ਸ੍ਰ. ਅਮਰੀਕ ਸਿੰਘ ਲਤੀਫਪੁਰ, ਮੈਂਬਰ, ਐਸ.ਜੀ.ਪੀ.ਸੀ., ਸ੍ਰ. ਮੰਗਲੇਸ਼ ਸਿੰਘ ਜੱਜ, ਪ੍ਰਧਾਨ, ਮਿਊਂਸੀਪਲ ਕਮੇਟੀ ਮੁਕੇਰੀਆਂ, ਸ੍ਰ: ਸਰਬਜੋਤ ਸਿੰਘ ਸਾਬੀ, ਯੂਥ ਪ੍ਰਧਾਨ, ਦੁਆਬਾ ਜੋਨ, ਅਕਾਲੀ ਦਲ, ਡਾ. ਸੁਰਜੀਤ ਸਿੰਘ ਸੀ.ਐਮ.ਓ. ਹੁਸ਼ਿਆਰਪੁਰ, ਸ੍ਰ: ਅਰਵਿੰਦਰ ਸਿੰਘ ਚੱਕ ਅੱਲਾਬਖਸ਼, ਮੈਂਬਰ, ਐਸ.ਜੀ.ਪੀ.ਸੀ., ਇੰਜੀ: ਹਰਭਜਨ ਸਿੰਘ, ਡਿਪਟੀ ਚੀਫ ਇੰਜੀਨੀਅਰ ਸ੍ਰ:ਗੁਰਚਰਨ ਸਿੰਘ, ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:), ਚੰਡੀਗੜ੍ਹ, ਸ੍ਰ: ਜਸਵਿੰਦਰ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਮੁਕੇਰੀਆਂ, ਸ੍ਰ: ਗੁਰਦੇਵ ਸਿੰਘ ਠੇਕੇਦਾਰ ਚੰਡੀਗੜ੍ਹ ਇਤਿਆਦਿ ਬਹੁਤ ਸਾਰੇ ਸੱਜਣਾਂ ਨੇ ਸ਼ਰਧਾਂ ਦੇ ਫੁੱਲ ਭੇਂਟ ਕੀਤੇ।

ਬਾਣੀ ਦਾ ਕਥਨ ਹੈ, "**ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਆਂ॥**" ਅਸੀਂ ਸਭਨਾਂ ਨੇ ਇੱਕ ਨਾ ਇੱਕ ਦਿਨ ਜ਼ਰੂਰ ਇਸ ਸੰਸਾਰ ਤੋਂ ਜਾਣਾ ਹੈ। "**ਕੱਪੜ ਰੂਪ ਸੁਹਾਵਣਾ ਛੱਡ ਦੁਨੀਆਂ ਅੰਦਰ ਜਾਵਣਾ॥**" **ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥**" ਪ੍ਰੰਤੂ ਇਹ ਗੱਲ ਵੇਖਣ ਵਾਲੀ ਇਹ ਹੈ ਕਿ ਜੋ ਪ੍ਰਾਣੀ ਇਸ ਸੰਸਾਰ ਵਿਚ ਆਇਆ ਹੈ, ਉਹ ਇਸ ਮਨੁੱਖਾ ਜੀਵਨ ਵਿਚ ਕੀ ਕਰਕੇ ਗਿਆ ਹੈ। ਮਾਤਾ ਰਵੇਲ ਕੌਰ ਜੀ ਇਸ ਪੱਖੋਂ ਬਹੁਤ ਭਾਗਾਂ ਵਾਲੇ ਸਨ, ਜਿੰਨ੍ਹਾਂ ਨੇ ਆਪਣੀ ਸੰਸਾਰਕ ਯਾਤਰਾ ਬੜੇ ਸਫਲ ਤਰੀਕੇ ਨਾਲ ਨਿਭਾਈ। ਆਪ ਜੀ ਨੇ ਆਪਣੀ ਸਾਰੀ ਜ਼ਿੰਦਗੀ ਦਿਲੋਂ, ਸ਼ਿੱਦਤ ਨਾਲ ਪਰਿਵਾਰ ਦੀ ਤਰੱਕੀ ਅਤੇ ਕਾਮਯਾਬੀ ਲਈ ਜੱਦੋ-ਜਹਿਦ ਕੀਤੀ। ਸਾਰੇ ਪਰਿਵਾਰ ਦਾ ਮਤਲਬ ਸ੍ਰ. ਮੁਨਸ਼ਾ ਸਿੰਘ ਜੀ ਦਾ ਪਰਿਵਾਰ ਹੀ ਨਹੀਂ ਬਲਕਿ ਸਮੂਹ ਰਿਸ਼ਤੇਦਾਰ, ਪਿੰਡ ਵਾਸੀਆਂ ਅਤੇ ਹੋਰ ਸਭ ਦੇ ਫਿਕਰਮੰਦ ਵਿਚ ਹਮੇਸ਼ਾ ਹੀ ਸਹਾਈ ਹੁੰਦੇ ਰਹੇ ਸਨ।

ਉਹਨਾਂ ਨੇ ਜ਼ਿੰਦਗੀ ਵਿਚ ਸਮੇਂ-ਸਮੇਂ ਅਨੁਸਾਰ ਬੜੇ ਉਤਾਰ ਚੜ੍ਹਾ ਵੇਖੇ ਤੇ ਹੰਢਾਏ ਸਨ ਜਿਵੇਂ ਕਿ 1947 ਦੀ ਵੰਡ ਤੋਂ ਉਪਰੰਤ ਔਖਾ ਸਮਾਂ ਬੜੀ ਹਿੰਮਤ ਅਤੇ ਦਲੇਰੀ ਨਾਲ ਨਜਿੱਠਿਆ। ਆਪਣੇ ਪਿੰਡ ਮਹਿੰਦੀਪੁਰ ਵਿਚ ਸਮਾਜਿਕ ਅਤੇ ਰਾਜਸੀ ਕਾਰਜਾਂ ਪ੍ਰਤੀ ਤੱਤਪਰ ਰਹੇ. ਆਪ ਜੀ ਲਗਾਤਾਰ 10 ਸਾਲਾਂ ਲਈ ਪਿੰਡ ਦੇ ਸਰਪੰਚ ਰਹੇ ਅਤੇ ਆਪਣੀ ਰਹਿਨੁਮਾਈ ਵਿਚ ਗੌਰਮਿੰਟ ਸਕੂਲ, ਮਹਿੰਦੀਪੁਰ ਨੂੰ ਮਿਡਲ ਤੋਂ ਦਸਵੀਂ ਜਮਾਤ ਤੱਕ ਚਾਲੂ ਕਰਵਾਇਆ, ਜਿਸ ਨਾਲ ਸਾਰੇ ਪਿੰਡ ਅਤੇ ਇਲਾਕੇ ਨੂੰ ਫਾਇਦਾ ਮਿਲ ਰਿਹਾ ਹੈ। ਆਪ ਜੀ ਅਕਾਲੀ ਦਲ (ਬਾਦਲ), ਮੁਕੇਰੀਆਂ ਦੇ ਸੀਨੀਅਰ ਮੀਤ ਪ੍ਰਧਾਨ ਵੀ ਰਹੇ ਹਨ। ਜਿਵੇਂ ਕਿ ਕਹਿੰਦੇ ਹਨ ਕਿ "**ਮਾਂ ਕੋਲੋਂ ਲੈ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ**" ਆਪ ਜੀ ਬਹੁਤ ਹਰਦਿਲ ਅਜੀਜ, ਪਿਆਰ, ਨਿਮਰਤਾ ਅਤੇ ਆਦਰਯੋਗ ਵਿਅਕਤੀ ਹੋ ਕੇ ਵਿਚਰੇ ਸਨ। ਮਾਤਾ ਰਵੇਲ ਕੌਰ ਜੀ ਦਾ ਪਰਿਵਾਰ ਸਮੇਂ ਮੁਤਾਬਕ ਬਹੁਤ ਤਰੱਕੀ ਵਾਲਾ ਅਤੇ ਸਫਲ ਪਰਿਵਾਰ ਹੈ। ਆਪ ਜੀ ਨੇ ਪਰਿਵਾਰ ਨੂੰ ਉੱਚ ਸਿੱਖਿਆਵਾਂ ਵਾਲਾ ਪਰਿਵਾਰ ਬਣਾਇਆ ਹੈ। ਆਪ ਜੀ ਬਾਣੀ ਕਥਨ ਅਨੁਸਾਰ "**ਨਿਵਣ ਸੁ ਅਖਰ ਖਵਣ ਗੁਣ, ਜਿਹਬਾ ਮਣੀਆਂ ਮੰਤਿ ॥**" ਵਾਲੇ ਗੁਣਾਂ ਤੇ ਪੂਰੇ ਢੁੱਕਦੇ ਸਨ। ਆਪ ਜੀ ਦੂਜਿਆਂ ਦੀ ਦੇਖ-ਰੇਖ ਕਰਨੀ, ਮਿੱਠਾ ਤੇ ਚੰਗਾ ਬੋਲਣ ਅਤੇ ਨਿਸ਼ਕਾਮ ਸੇਵਾ ਦੇ ਪੂਰਨ ਧਾਰਨੀ ਰਹੇ।

ਆਪ ਜੀ ਦੇ ਸਪੁੱਤਰ ਸ੍ਰ. ਹਰਬੰਸ ਸਿੰਘ, ਪੰਜਾਬ ਸਿੰਚਾਈ ਵਿਭਾਗ ਦੇ ਉੱਚ ਅਹੁਦੇ ਤੋਂ ਨਿਗਰਾਨ ਇੰਜ: (ਐਸ.ਈ.) ਰਿਟਾਇਰ ਹੋਣ ਉਪਰੰਤ ਹੁਣ ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ:) ਚੰਡੀਗੜ੍ਹ ਵਿਖੇ ਸ਼ਲਾਘਾਯੋਗ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਇਹ ਪਹਿਲਾਂ ਕਾਫੀ ਸਮੇਂ ਤੋਂ ਭਵਨ ਨਾਲ ਬਤੌਰ ਉਪ ਪ੍ਰਧਾਨ, ਰੀਜ਼ਨਲ ਪ੍ਰਧਾਨ, ਕਾਰਜਕਾਰੀ ਕਮੇਟੀ ਮੈਂਬਰ ਅਤੇ ਵਰਕਿੰਗ ਕਮੇਟੀ ਮੈਂਬਰ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਆਪ ਜੀ ਦੇ ਬੇਟੇ ਸ੍ਰ. ਗੁਲਜਾਰ ਸਿੰਘ, ਐਨੀਮਲ ਹਸਬੈਂਡਰੀ ਵਿਚ ਸਰਕਾਰੀ ਸੇਵਾ ਤਨਦੇਹੀ ਨਾਲ ਨਿਭਾ ਰਹੇ ਹਨ ਅਤੇ ਸ੍ਰ. ਕੰਵਲਜੀਤ ਸਿੰਘ ਨਾਗਪੁਰ ਵਿਖੇ ਉੱਘੇ 'ਕੰਵਲਜੀਤ ਟ੍ਰਾਂਸਪੋਰਟਰ' ਹਨ। ਬੇਟੇ ਸਰਦਾਰ ਨਿਰਮਲ ਸਿੰਘ ਅਤੇ ਸਰਦਾਰ ਗੁਰਮੀਤ ਸਿੰਘ ਅਮਰੀਕਾ ਵਿਚ ਸਫਲ ਪੱਕੇ ਰਿਹਾਇਸ਼ੀ ਅਤੇ ਨਾਮਵਰ ਹਨ। ਸਰਦਾਰ ਜਰਨੈਲ ਸਿੰਘ ਐਸ.ਐਚ.ਓ. ਖੰਨਾ ਵਿਖੇ ਸੇਵਾ ਨਿਭਾਉਂਦੇ ਹੋਏ ਪਰਿਵਾਰ ਦੀ ਚੰਗੀ ਪਰੰਪਰਾ ਨੂੰ ਕਾਇਮ ਰੱਖ ਰਹੇ ਹਨ। ਆਪ ਜੀ ਦੀ ਨੂੰਹ ਬੀਬੀ ਸੁਰਜੀਤ ਕੌਰ ਜੀ ਪੰਜ (5) ਸਾਲ ਉਪ ਪ੍ਰਧਾਨ, ਮਿਊਂਸੀਪਲ ਕਮੇਟੀ, ਮੁਕੇਰੀਆਂ, ਅਕਾਲੀ ਦਲ ਦੀ ਸਰਕਾਰ ਸਮੇਂ ਰਹੇ ਹਨ। ਅਖੀਰ ਵਿਚ ਅਰਦਾਸ ਹੈ, "ਦੇਹੁ ਸੱਜਣ ਅਸੀਸੜੀਆਂ ਜਿਉਂ ਹੋਵੇ ਸਾਹਿਬ ਸਿਉਂ ਮੇਲ।"

ਇਸ ਮੌਕੇ ਪਰਿਵਾਰ ਵੱਲੋਂ ਮਾਤਾ ਰਵੇਲ ਕੌਰ ਦੀ ਯਾਦ ਵਿਚ 11,000 ਰੁਪਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ(ਰਜਿ:), ਚੰਡੀਗੜ੍ਹ, 2100/- ਰੁਪਏ ਡੇਰਾ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ, ਬੇਗੋਵਾਲ ਅਤੇ 2100 ਰੁਪਏ ਗੁਰਦੁਆਰਾ ਸਾਹਿਬ ਪਿੰਡ ਮਹਿੰਦੀਪੁਰ ਨੂੰ ਭੇਂਟ ਕੀਤੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਸਮੂਹ ਮੈਨੇਜਮੈਂਟ ਉਹਨਾਂ ਦੀ ਧੰਨਵਾਦੀ ਹੈ। ਸਮੂਹ ਅਹੁਦੇਦਾਰ ਅਤੇ ਸਮੂਹ ਮੈਂਬਰ ਸਾਹਿਬਾਨ ਇਸ ਦੁੱਖ ਦੇ ਸਮੇਂ ਸਰਦਾਰ ਮੁਨਸ਼ਾ ਸਿੰਘ ਜੀ ਅਤੇ ਸਮੂਹ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਨ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਦੀਵੀਂ ਨਿਵਾਸ ਬਖਸ਼ੇ ਅਤੇ ਪਿੱਛੇ ਸਭ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ।

**ਗੁਰਚਰਨ ਸਿੰਘ**
**ਪ੍ਰਧਾਨ**
**ਬਾ. ਮ. ਸ. ਲੁ. ਫਾ. (ਰਜਿ:)**
**ਚੰਡੀਗੜ੍ਹ**

# ਮਿੰਨੀ ਕਹਾਣੀਆਂ

## ਸ਼ਗਨ

ਪੁੱਤਰਾ ਆਪਣੇ ਜੈਲ੍ਹੇ ਨੇ ਵਿਆਹ ਦਾ ਕਾਰਡ ਭੇਜਿਆ ਸੀ, ਵਿਆਹ ਤੇ ਆਪਾ ਨਹੀਂ ਜਾ ਸਕੇ। ਤੂੰ ਸ਼ਗਨ ਦੇ ਕੇ ਆ, ਨਹੀਂ ਤਾਂ ਅਗਲਾ ਗੁੱਸਾ ਕਰੂੰਗਾ, ਸ਼ਰੀਕੇ ਦਾ ਕੰਮ ਆ। ਘਰੇ ਵੜਦੇ ਨੂੰ ਮੇਰੀ ਮਾਤਾ ਨੇ ਮੈਨੂੰ ਹੁਕਮ ਚਾੜ ਦਿੱਤਾ।

ਮੇਰੇ ਤਾਏ ਦੇ ਲੜਕੇ ਜਰਨੈਲ ਸਿੰਘ ਦੇ ਦੋਨੋਂ ਬੱਚੇ ਵੱਡਾ ਲੜਕਾ ਅਤੇ ਛੋਟੀ ਲੜਕੀ ਚੰਡੀਗੜ੍ਹ ਪੜ੍ਹਦੇ ਸਨ। ਕੁਝ ਸਮਾਂ ਪਹਿਲਾਂ ਹੀ ਦੋਹਾਂ ਦਾ ਵਿਆਹ ਹੋਇਆ ਸੀ। ਮੈਂ ਘਰੋਂ ਜਰਨੈਲ ਸਿੰਘ ਦੇ ਘਰ ਵੱਲ ਤੁਰ ਪਿਆ, ਰਸਤੇ ਵਿੱਚ ਹੀ ਮੈਨੂੰ ਜਰਨੈਲ ਸਿੰਘ ਮਿਲ ਗਿਆ।

ਸੁਣਾ ਬਾਈ ਜਰਨੈਲ ਸਿੰਹ੍ਹਾਂ ਕੀ ਹਾਲ ਐ, ਦੀਪੇ ਦਾ ਵਿਆਹ ਹੋ ਗਿਆ, ਬਹੁਤ-ਬਹੁਤ ਵਧਾਈਆਂ। ਨਾਲੇ ਮੈਂ ਮਾਫ਼ੀ ਚਾਹੁੰਣਾ, ਮੌਕੇ ਤੇ ਨ੍ਹੀਂ ਪਹੁੰਚ ਸਕਿਆ।

ਹਾਂ ਬਈ ਡਾਕਟਰਾਂ ਤੂੰ ਤਾਂ ਨਹੀਂ ਪਹੁੰਚਿਆ, ਦੀਪੇ ਦਾ ਵਿਆਹ ਤਾ ਦੇਖਣ ਵਾਲਾ ਸੀ। ਲਵ ਮੈਰਿਜ ਕਰਵਾਈ ਐ ਉਸ ਨੇ। ਕੁੜੀ ਚੰਡੀਗੜ੍ਹ ਦੀ ਡਾਕਟਰਨੀ ਐ। ਜਰਨੈਲ ਸਿੰਘ ਨੇ ਬੜੇ ਹੀ ਮਾਣ ਨਾਲ ਆਖਿਆ।

ਬਾਈ ਆਪਣੀ ਰਾਣੀ ਨੇ ਵੀ ਤਾ...? ਗੱਲ ਅਜੇ ਮੈਂ ਪੂਰੀ ਕੀਤੀ ਵੀ ਨਹੀਂ ਸੀ ਕਿ ਜਰਨੈਲ ਸਿੰਘ ਵਿੱਚੋਂ ਹੀ ਬੋਲ ਪਿਆ।

ਉਸ ਦਾ ਨਾਮ ਨਾ ਲਈ ਮੇਰੇ ਸਾਹਮਣੇ, ਮੇਰੇ ਖ਼ਾਨਦਾਨ ਨੂੰ ਮਿੱਟੀ ਵਿਚ ਮਿਲਾ ਦਿਤਾ ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ, ਮੈਨੂੰ ਜਿਉਣ ਜੋਗਾ ਨਹੀਂ ਛੱਡਿਆ ਉਸ ਨੇ, ਮਰ ਚੁੱਕੀ ਐ ਮੇਰੇ ਵਾਸਤੇ ਉਹ।

ਪਤਾ ਨਹੀਂ ਹੋਰ ਕੀ ਕੁਝ ਜਰਨੈਲ ਸਿੰਘ ਨੇ ਇੱਕੋ ਸਾਹੇ ਆਖ ਦਿੱਤਾ।

ਜਰਨੈਲ ਸਿੰਘ ਦੀਆਂ ਗੱਲਾਂ ਸੁਣ ਕੇ ਮੈਂ ਬਿਨ੍ਹਾਂ ਸ਼ਗਨ ਦਿੱਤਿਆਂ ਹੀ ਘਰ ਵੱਲ ਮੁੜ ਪਿਆ।

**ਡਾ: ਰਾਜਵੀਰ ਸਿੰਘ**

* * *

## ਵੱਡਾ ਪਾਪੀ

ਦੋ ਬ੍ਰਹਮਚਾਰੀ ਵਾਸੂਦੇਵ ਤੇ ਰਾਧੇ ਭੀਖ ਮੰਗ ਕੇ ਵਾਪਸ ਜਾ ਰਹੇ ਸਨ। ਰਸਤੇ ਵਿਚ ਇਕ ਖਾਲ (ਟੋਆ) ਆਇਆ। ਦੋਵੇਂ ਛਾਲ ਮਾਰ ਕੇ ਟੱਪ ਗਏ। ਇਨ੍ਹਾਂ ਦੇ ਮਗਰ ਹੀ ਇਕ ਔਰਤ ਆ ਰਹੀ ਸੀ, ਉਸ ਨੇ ਕਿਹਾ, "ਬਾਬਾ ਜੀ ਮੈਨੂੰ ਵੀ ਟੋਆ ਲੰਘਾ ਦਿਓ।" ਰਾਧੇ ਕਹਿਣ ਲੱਗਾ, "ਨਹੀਂ......ਨਹੀਂ....ਅਸੀਂ ਬ੍ਰਹਮਚਾਰੀ ਆਂ....। ਅਸੀਂ ਔਰਤ ਨੂੰ ਛੂਹ ਨਹੀਂ ਸਕਦੇ। ਸਾਡੇ ਲਈ ਔਰਤ ਨੂੰ ਛੂਹਣਾ ਵੀ ਪਾਪ ਹੈ।"

ਵਾਸੂਦੇਵ ਰਾਧੇ ਨੂੰ ਕਹਿਣ ਲੱਗਾ, "ਪ੍ਰਿਯ ਕਿਸੇ ਨੂੰ ਮੁਸ਼ਕਲ ਵਿਚ ਪਏ ਨੂੰ ਛੱਡ ਜਾਣਾ ਵੀ ਪਾਪ ਹੈ।" ਵਾਸੂਦੇਵ ਨੇ ਉਸ ਔਰਤ ਨੂੰ ਚੁੱਕਿਆ ਅਤੇ ਚੁੱਕ ਕੇ ਟੋਆ ਪਾਰ ਲੰਘਾ ਦਿੱਤਾ।

ਅਗਲੀ ਸਵੇਰ ਜਦੋਂ ਸਾਰੇ ਚੇਲੇ ਗੁਰੂ ਕੋਲ ਇਕੱਠੇ ਹੋਏ ਤਾਂ ਰਾਧੇ ਨੇ ਆਪਣੇ ਗੁਰੂ ਨੂੰ ਸ਼ਿਕਾਇਤ ਕੀਤੀ ਤੇ ਕਿਹਾ, "ਮਹਾਰਾਜ ਵਾਸੂਦੇਵ ਨੂੰ ਆਪਣੇ ਆਸ਼ਰਮ ਵਿਚੋਂ ਕੱਢ ਦਿਓ। ਇਹ ਬਹੁਤ ਵੱਡਾ ਪਾਪੀ ਹੈ। ਇਸ ਨੇ ਕੱਲ੍ਹ ਇਕ ਔਰਤ ਨੂੰ ਚੁੱਕ ਕੇ ਟੋਆ ਪਾਰ ਕਰਵਾਇਆ ਹੈ।"

ਉਨ੍ਹਾਂ ਦੇ ਗੁਰੂ ਨੇ ਦੋਹਾਂ ਦੇ ਚਿਹਰੇ ਵੱਲ ਦੇਖਿਆ ਤੇ ਆਖਣ ਲੱਗਾ, "ਰਾਧੇ ਆਸ਼ਰਮ ਵਿਚੋਂ ਜਾਣ ਦੀ ਜ਼ਰੂਰਤ ਤੈਨੂੰ ਹੈ।" ਜਦੋਂ ਬਾਕੀ ਚੇਲਿਆਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਨੇ ਕਿਹਾ, "ਵਾਸੂਦੇਵ ਨੇ ਤਾਂ ਔਰਤ ਨੂੰ ਚੁੱਕ ਕੇ ਟੋਆ ਹੀ ਪਾਰ ਕਰਵਾਇਆ ਹੈ ਤੇ ਉਥੇ ਹੀ ਛੱਡ ਆਇਆ ਹੈ ਪਰ ਰਾਧੇ ਤਾਂ ਅਜੇ ਤੱਕ ਉਸ ਔਰਤ ਨੂੰ ਮਨ ਵਿਚ ਚੁੱਕੀ ਫਿਰਦੈ ਤੇ ਸਾਰੀ ਰਾਤ ਹੀ ਉਸ ਔਰਤ ਨੂੰ ਮਨ ਵਿਚ ਚੁੱਕੀ ਫਿਰਦਾ ਰਿਹਾ ਏ। ਫੇਰ ਵੱਡਾ ਪਾਪੀ ਕੌਣ ਹੋਇਆ?"

**ਭਵਨਦੀਪ ਸਿੰਘ**

* * *

## ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਸਿਟ-ਘਾਹ ਖੋਤ ਰਹੇ ਸਨ। ਇਕ ਅੱਖੜ ਮੱਝ ਦੋਵੇਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੇਰੀ ਥੱਲੇ ਬੈਠ ਗਈ ਪਰ ਅਠਾਰਾਂ ਵਰ੍ਹਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰ੍ਹੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨ੍ਹਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨ੍ਹਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਢੂਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?"

ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

**ਗੁਰਮੇਲ ਬੋਡੇ**

* * *

# ਕਾਵਿ-ਕਿਆਰੀ

## (1) ਢੌਂਗੀ ਬਾਬੇ



ਅਨਹਦ ਨਾਦ ਸੁਣਦੇ ਰਹੇ
ਮੈਨੂੰ ਇਕ ਆਲਿਮ ਦੀ
ਇਕ ਤਸਵੀਰ, ਮੇਰੇ ਜ਼ਿਹਨ 'ਚ ਪਹੁੰਚੀ
"ਕਹਿ ਦੋ ਇਨ ਹਸਰਤੋਂ ਸੇ
ਕਹੀਂ ਔਰ ਜਾ ਬਸੇਂ
ਇਤਨੀ ਜਗ੍ਹਾ ਕਹਾਂ ਹੈ
ਦਿਲੇ ਦਾਗ਼ਦਾਰ ਮੇਂ।"
ਤੇ ਫਿਰ ਮੈਨੂੰ ਬਾਬੇ ਫ਼ਰੀਦ ਦੀ
ਨਸੀਹਤ ਵੀ ਯਾਦ ਆ ਗਈ
"ਕਾਗਾ ਚੂੰਡਿ ਨ ਪਿੰਜਰਾ ਬਸੈ ਤਾਂ ਉਡਰ ਜਾਇ॥
ਜਿਤੁ ਪਿੰਜਰੇ ਮੇਰਾ ਸਹੁ ਬਸਹਿ ਮਾਸੁ ਨ ਤਿਧੂ ਖਾਇ॥"
ਮੈਂ ਸੋਚਦਾਂ ਕਿ
ਅੱਜ ਦਾ ਆਲਿਮ
ਜੋ ਅਨਹਦ ਨਾਦ ਸੁਣਨ ਦਾ ਦਮ ਭਰਦਾ ਹੈ
ਜਦੋਂ ਕਹਿਣੀ ਤੇ ਕਰਨੀ ਦੀ ਦੂਰੀ ਰੱਖ
ਗੱਲ ਕਰਦਾ ਹੈ
ਅੱਜ ਜੁਆਨੀ ਦੀ ਦਹਿਲੀਜ਼ ਤੋਂ ਬਾਅਦ
ਅੱਧੀ ਸਦੀ ਦਾ ਸਫ਼ਰ ਮੁਕਾ ਕੇ
ਜਿਉਂ ਦਾ ਤਿਉਂ ਮੁਖੜਾ ਲੈ ਕੇ
ਮੇਰੇ ਸਾਹਵੇਂ ਆਣ ਖਲੋਇਆ ਹੈ।
ਤਾਂ ਫਿਰ ਉਹਦੇ ਅੰਦਰ ਬੋਲਦੇ 'ਅਨਹਦ ਨਾਦ'
ਤੇ ਬਾਹਰ ਉੱਗੀ ਗੋਰੀ ਫ਼ਸਲ ਉੱਪਰ ਕਾਂਗਿਆਰੀ
ਦੇ ਹਮਲੇ ਦੀ,
ਇਬਾਰਤ ਬੋਲ ਉੱਠਦੀ ਹੈ–
"ਹੈ ਲੱਜ਼ਤ ਅਭੀ ਬਾਕੀ ਗੁਨਾਹ ਕੀ
ਇਸ ਉਮਰ ਮੇਂ ਜੋ ਸ਼ੇਖ਼ ਨੇ ਦਾੜ੍ਹੀ ਸਿਆਹ ਕੀ।"
ਮੈਂ ਅਨਹਦ ਨਾਦ ਸੁਣਨ ਵਾਲੇ ਬਾਬੇ ਦੇ
ਇੱਕ ਏਅਰ ਕੰਡੀਸ਼ਨਡ ਡੇਰੇ 'ਤੇ ਜਾਂਦਾ ਹਾਂ।
ਪਰ ਪਹੁੰਚਣ ਤੋਂ ਪਹਿਲਾਂ ਪਹੁੰਚੇ ਨੇ
ਕੁਝ ਵਰਦੀਧਾਰੀ 'ਸੇਵਕੀ' ਦਾ ਚੋਲਾ ਪਾ
ਡੇਰਾ ਦਰਬਾਰ ਵਿਚ ਸਰਕਾਰੀ ਹਾਜ਼ਰੀ ਲੁਆਉਣ।
ਸੇਵਕੀ ਚੋਲਾ ਕਿਤੇ ਤਾਂ ਦੇਖਦਾ ਹੈ
ਲੀਲਾਵਾਂ ਰਚਾਉਂਦੇ ਕੁਆਰੇ ਦੰਪਤੀ
ਕਿਤੇ ਤਾਂ ਦੇਖਦਾ ਹੈ
ਜੁਆਨੀ ਨੂੰ ਮਦਹੋਸ਼ ਕਰਨ ਵਾਲੀ
ਕਾਲੀ ਮਾਤਾ ਤੇ ਕਰੀਮੀ ਪਾਊਡਰ
ਕਿਤੇ ਤਾਂ ਦੇਖਦਾ ਹੈ
ਗਰਭ ਨਿਰੋਧਕ ਜਿਹੇ ਆਹਾਰ।
ਤੇ
ਕੋਸਦਾ ਹੈ ਅਨਹਦ ਨਾਦ ਨੂੰ
ਕਿਸੇ ਦੇ ਚਰਿੱਤਰ ਹਨਨ ਕਰਨ ਦੇ ਮਸਲੇ ਨੂੰ ਲੈ।
ਮੈਂ ਜੋ ਸੇਵਕੀ ਚੋਲੇ ਦੇ ਨਾਲ ਖੜ੍ਹਾ ਹਾਂ
ਬੋਲ ਉੱਠਦਾ ਹਾਂ
ਕੋਸਨ ਦੇ ਬੋਲਾਂ 'ਤੇ ਸੁਆਲੀਆ ਚਿੰਨ੍ਹ ਲਗਾ
ਜੇ ਉਹ ਸੇਵਾ ਹੈ
ਆਖ਼ਰ ਵਤਨ ਨੂੰ
ਆਪਣੇ ਵਸਦੇ ਆਕਾਰ ਤੋਂ ਬਚਣ ਲਈ
ਚਰਿੱਤਰ ਹਨਨ ਦੀ ਤਾਂ ਲੋੜ ਹੈ।
ਚਰਿੱਤਰ ਹਨਨ ਦੀ ਲੋੜ ਤਾਂ ਹੈ।

## (2) ਧਰਮ ਦੇ ਹਾਫ਼ਿਜ਼

ਤੁਹਾਡਾ ਇਹ ਵਹਿਮ ਹੈ ਕਿ
ਮਨੁੱਖ ਕੋਈ ਬੰਬ ਨਹੀਂ ਹੁੰਦਾ।
ਤੁਹਾਡਾ ਇਹ ਵਹਿਮ ਹੈ ਕਿ
ਮਨੁੱਖ ਦਾ ਧਰਮ ਮਨੁੱਖਤਾ ਹੀ ਹੁੰਦਾ ਹੈ।

ਮਨੁੱਖ ਇਕ ਬੰਬ ਵੀ ਹੁੰਦਾ ਹੈ
ਮਨੁੱਖ ਦਾ ਧਰਮ ਵਿਨਾਸ਼ ਕਰਨਾ ਵੀ ਹੁੰਦਾ ਹੈ।
ਅੱਜ ਜੰਨਤ ਦਾ ਪਾਉਣਾ
ਜੰਨਤ ਦਾ ਰਾਹ ਦਿਖਾਉਣਾ ਨਹੀਂ।

ਬੇਗੁਨਾਹਾਂ ਦੇ ਉੱਡਦੇ ਚੀਥੜੇ
ਬੇਗੁਨਾਹਾਂ ਦੇ ਖ਼ੂਨ ਦੀਆਂ ਨਦੀਆਂ
ਬੇਗੁਨਾਹਾਂ ਦੇ ਵਸਦੇ ਘਰਾਂ 'ਚ
ਸੱਥਰ ਵਿਛਾਉਣੇ
ਬਸ ਜੰਨਤ ਆਉਣ ਦਾ ਵਸੀਲਾ
ਦੱਸਿਆ ਜਾ ਰਿਹਾ ਹੈ

ਧਰਮ ਦੇ ਹਾਫ਼ਿਜ਼,
ਧਰਮ ਦੇ ਤਥਾਕਥਿਤ ਵਲੀ ਅੱਲਾ
ਝੋਂਕਦੇ ਨੇ ਖ਼ੂਨ ਦੀਆਂ ਨੇਰ੍ਹੀਆਂ ਝਲਾਉਣ ਲਈ
ਉਨ੍ਹਾਂ ਨੂੰ

ਜਿਨ੍ਹਾਂ ਨੂੰ ਖ਼ੂਨ ਦੀਆਂ ਨੇਰ੍ਹੀਆਂ ਦੇ ਅਨਰਥਾਂ ਦਾ
ਪਤਾ ਨਹੀਂ ਹੁੰਦਾ।
ਜਾਂ
ਉਨ੍ਹਾਂ ਨੂੰ
ਜਿਨ੍ਹਾਂ ਨੇ ਅਜੇ ਜ਼ਿੰਦਗੀ ਦੇ ਅਰਥ ਖੋਜਣੇ ਹਨ
ਜਿਨ੍ਹਾਂ ਨੇ ਜ਼ਿੰਦਗੀ ਦੀ ਤਸਵੀਰ ਵਿਚ
ਰੰਗ ਭਰਨੇ ਹਨ
ਪਰ
ਧਰਮ ਦੇ ਹਾਫ਼ਿਜ਼ ਦਾ ਮੰਤਵ
ਜ਼ਿੰਦਗੀ ਨੂੰ ਜ਼ਿੰਦਗੀ ਤੋਂ ਦੂਰ ਰੱਖਣਾ ਹੈ।

**ਰਤਨ ਟਾਹਲਵੀ**, 81462-10637

* * *

## (1) ਬਹੁਤ ਔਖਾ ਹੁੰਦਾ ਹੈ



ਬਹੁਤ ਔਖਾ ਹੁੰਦਾ ਹੈ
ਕਈ ਵੇਰ ਗੁਰੂ ਘਰ ਵਿਚ ਬੈਠਿਆਂ
ਕਿਸ ਅਲੌਕਿਕ ਸੁਰ ਨਾਲ ਜੁੜਨਾ
ਜਾਂ ਇਲਾਹੀ ਰੰਗ ਵਿਚ ਖੀਵੇ ਹੋ ਜਾਣਾ
ਵੇਖਦਾ ਹਾਂ ਜਦੋਂ
ਰੱਬ ਦੇ ਪੁਜਾਰੀਆਂ/ਸੇਵਕਾਂ ਦੀਆਂ
ਸਵਾਰਥੀ ਅਰਦਾਸਾਂ
ਮਤਲਬੀ ਮਨੋਕਾਮਨਾਵਾਂ
ਨਿਹਾਰਦਾ ਹਾਂ ਉਨ੍ਹਾਂ ਦੀਆਂ
ਕਾਮੁਕ ਤੇ ਵਪਾਰਕ ਨਜ਼ਰਾਂ
ਤੇ ਕਥਾ/ਪ੍ਰਵਚਨਾਂ ਦੀ ਥਾਂ
ਵੇਖਦਾ ਹਾਂ ਜਦ ਉਥੇ
ਸੱਚੇ ਰੱਬ ਦੇ ਨਾਂ 'ਤੇ
ਝੂਠੀ ਸਿਆਸਤ ਦਾ ਬੋਲਬਾਲਾ।

ਬਹੁਤ ਔਖਾ ਹੁੰਦਾ ਹੈ
ਜਦੋਂ ਪਦਾਰਥਵਾਦੀ ਮੋਹ
ਖ਼ੂਨੀ ਰਿਸ਼ਤਿਆਂ ਵਿਚ ਉਸਾਰ ਦੇਂਦਾ ਹੈ
ਚੁੱਪ ਤੇ ਨਫ਼ਰਤ ਦੀ ਕੰਧ
ਤੇ ਮਾਂ-ਜਾਏ/ਮਾਂ-ਜਾਈਆਂ ਵਿਚ
ਤਿੜਕਣ ਲੱਗਦੀ ਹੈ
ਪੀਡੇ ਪਿਆਰ ਦੀ ਤੰਦ
ਸ਼ਾਇਦ ਭੁੱਲ ਜਾਂਦੇ ਹਨ ਉਹ
ਇਹ ਸਦੀਵੀ ਸੱਚ ਦਾ ਸੁਨੇਹੜਾ
ਕਿ ਭੱਜੀਆਂ ਬਾਹਾਂ ਤਾਂ
ਗਲੇ ਨੂੰ ਹੀ ਆਉਂਦੀਆਂ ਨੇ ਅਕਸਰ।

ਬਹੁਤ ਔਖਾ ਹੁੰਦਾ ਹੈ
ਜਦੋਂ ਜਵਾਨ ਬੱਚਿਆਂ ਸੰਗ
ਟੈਲੀਵਿਜ਼ਨ ਮੂਹਰੇ ਬੈਠ
ਕੁਝ ਬੇਸੁਰੇ ਗਾਇਕਾਂ ਦੇ
ਅਸ਼ਲੀਲ ਗਾਣੇ ਸੁਣ
ਇਤਰਾਜ਼ਯੋਗ ਹਰਕਤਾਂ ਵੇਖ
ਹੋ ਜਾਂਦੀਆਂ ਹਨ ਅੱਖਾਂ ਨੀਵੀਆਂ
ਤੇ ਹੋ ਜਾਂਦੇ ਨੇ ਹੋਠ ਲਾਜਵਾਬ
ਜਦੋਂ ਪੁੱਛਦੇ ਹਨ ਉਹ
ਦੂਹਰੇ ਅਰਥਾਂ ਵਾਲੇ
ਨਗਨ ਗੀਤਾਂ ਦੇ ਭਾਵ ਅਰਥ।

ਬਹੁਤ ਔਖਾ ਹੁੰਦਾ ਹੈ
ਰੋਜ਼ੀ-ਰੋਟੀ ਖ਼ਾਤਿਰ
ਪਰਦੇਸਾਂ ਵਿਚ
ਆਪਣਿਆਂ ਦੇ ਬਿਰਹਾ ਦਾ ਸੰਤਾਪ ਭੋਗਣਾ
ਬੇਗਾਨੀ ਸਭਿਅਤਾ ਦੇ ਦਾਇਰਿਆਂ 'ਚ ਸਿਮਟ
ਓਪਰੀ ਜੀਵਨ-ਸ਼ੈਲੀ ਵਿਚ ਰੰਗੀਜ
ਹਾਦਸਿਆਂ ਦਾ ਸਫ਼ਰ ਹੰਢਾਉਣਾ
ਤੇ ਆਪਣੇ ਵਤਨ ਦੇ ਵਿਛੋੜੇ ਦੀ ਅੱਗ ਸੇਕਣੀ
ਹਾਂ ਬਹੁਤ ਔਖਾ ਹੁੰਦਾ ਹੈ
ਬਹੁਤ ਔਖਾ ਹੁੰਦਾ ਹੈ...।

## (2) ਪੰਜਾਬੀਅਤ

ਪੰਜਾਬੀ ਸੂਟ 'ਚ ਸਜਦੀ ਫਬਦੀ ਉਹ ਅੰਗਰੇਜ਼ਣ
ਸੋਹਣੀ ਸੂਰਤ, ਸੀਰਤ ਵਾਲੀ ਕੁੜੀ
ਪੰਜਾਬਣ ਹੋਣ ਦਾ ਭੁਲੇਖਾ ਪਾਉਂਦੀ
ਸੋਲ੍ਹਾਂ ਕਲਾਂ ਸੰਪੂਰਨ ਲਗਦੀ ਹੈ

ਉਹ ਹੁਸਨ ਦੀ ਮਸਤੀ ਵਿਚ ਝੂੰਮਦੀ
ਕਲੀਆਂ ਜੇਹੀ ਮਲੂਕ ਮਹਿਕ ਖਿਲਾਰਦੀ
ਉਸ ਦੇਸ਼ ਦੇ ਪੰਜਾਬੀ ਬਾਜ਼ਾਰ 'ਚੋਂ ਲੰਘਦੀ ਹੈ
ਪਰਵਾਸੀ ਪੰਜਾਬੀਆਂ ਦੇ ਦਿਲ ਡੰਗਦੀ ਹੈ।

ਉਹ ਚੰਨ ਜੇਹੇ ਮੁੱਖੜੇ ਦੀ ਚੰਗੇਰ ਵਿਚੋਂ
ਹਾਸਿਆਂ ਦੇ ਹੁਸੀਨ ਫੁੱਲਾਂ ਦਾ ਛੱਟਾ ਦੇਂਦੀ
ਜਿਵੇਂ ਪੰਜਾਬੀਅਤ ਦੀ ਫ਼ਸਲ ਬੀਜਦੀ ਹੈ
ਪੰਜਾਬੀਆਂ ਦੀ ਖੁਸ਼ਹਾਲੀ 'ਤੇ ਰੀਝਦੀ ਹੈ।


**ਸੁਰਿੰਦਰ ਮਕਸੂਦਪੁਰੀ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਅਧਰੰਗ ਲੱਕਵਾ/ਦਿਮਾਗ਼ੀ ਅਟੈਕ ਇਲਾਜ ਅਤੇ ਬਚਾਅ

ਡਾ. ਦਸਨ

ਅਧਰੰਗ ਲਕਵੇ ਦੇ ਰੋਗੀ ਦਾ ਜੀਵਨ ਬੜਾ ਦੁਖਦਾਇਕ ਹੁੰਦਾ ਹੈ। ਆਪਣੇ ਗੁਜਰੇ ਹੋਏ ਜੀਵਨ ਨੂੰ ਯਾਦ ਕਰਕੇ ਰੋਗੀ ਮਾਨਸਿਕ ਪੀੜਾ ਦੇ ਕਾਰਨ ਸੰਵੇਦਨਸ਼ੀਲ ਹੋ ਕੇ ਵਿਰਲਾਪ ਕਰਨ ਲੱਗਦਾ ਹੈ। ਹਰ ਕੰਮ ਕਰਨ ਲਈ ਦੁਨੀਆਂ ’ਤੇ ਨਿਰਭਰ ਹੋਣ ਕਾਰਨ ਰੋਗੀ ਦੂਜਿਆਂ ’ਤੇ ਬੋਝ ਬਣ ਜਾਂਦਾ ਹੈ। ਰੋਗੀ ਨੂੰ ਮਜਬੂਰੀ ਦੇ ਕਾਰਨ ਚਿੜਚਿੜਾਪਨ ਵਧ ਜਾਂਦਾ ਹੈ। ਅਧਰੰਗ ਲਕਵੇ ਦੇ ਰੋਗੀ ਦੀ ਸੇਵਾ ਕਰ ਰਹੇ ਰਿਸ਼ਤੇਦਾਰਾਂ ਦਾ ਜੀਵਨ ਵੀ ਦੁਸ਼ਵਾਰ ਹੋ ਜਾਂਦਾ ਹੈ। ਪਰ ਹੁਣ ਨਿਰਾਸ਼ਾ ਦੀ ਲੋੜ ਨਹੀਂ, ਅਧਰੰਗ ਲਕਵੇ ਦੇ ਰੋਗੀਆਂ ਲਈ ਖਾਸ ਆਯੁਰਵੇਦ ਚਕਿਤਸਾ ਦੁਆਰਾ ਇਲਾਜ ਉਪਲਬੱਧ ਹੈ।




**ਅਧਰੰਗ ਲਕਵੇ ਦੇ ਕਾਰਨ** - ਜਿਸ ਤਰਾਂ ਕਿ ਸਭ ਜਾਣਦੇ ਹਨ ਦਿਮਾਗ਼, ਸਰੀਰ ਦੇ ਕੰਟਰੋਲ ਦੇ ਨਾਲ-ਨਾਲ ਸਾਰੀਆਂ ਛੋਟੀਆਂ-ਵੱਡੀਆਂ ਕ੍ਰਿਆਵਾਂ ਨੂੰ ਸੰਚਾਲਿਤ ਕਰਦਾ ਹੈ। ਇਨ੍ਹਾਂ ਕਿਰਿਆਵਾਂ ਨੂੰ ਸੰਚਾਲਿਤ ਕਰਨ ਦੇ ਲਈ ਦਿਮਾਗ਼ ਨੂੰ ਊਰਜਾ ਦੀ ਲੋੜ ਹੁੰਦੀ ਹੈ ਅਤੇ ਉਹ ਊਰਜਾ ਦਿਮਾਗ਼ ਨੂੰ ਖ਼ੂਨ ਸੰਚਾਰ ਪ੍ਰਣਾਲੀ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਦਿਮਾਗ਼ ਵਿਚ ਖ਼ੂਨ ਦੀਆਂ ਧਮਨੀਆਂ ਦਾ ਜਾਲ ਵਿਛਿਆ ਹੋਣ ਦੇ ਕਾਰਨ ਜੇਕਰ ਥੋੜ੍ਹੀ ਦੇਰ ਵੀ ਖ਼ੂਨ ਰੁਕ ਜਾਵੇ ਤਾਂ ਦਿਮਾਗ਼ ਦਾ ਉਹ ਹਿੱਸਾ ਕੰਮ ਕਰਨਾ ਬੰਦ ਕਰ ਦਿੰਦਾ ਹੈ ਇਸ ਹਾਲਤ ਵਿਚ ਮਰੀਜ਼ ਅਧਰੰਗ-ਲਕਵੇ ਦੇ ਕਾਰਨ ਅਪੰਗ ਅਤੇ ਅਪਾਹਜ ਬਣ ਜਾਂਦਾ ਹੈ। ਇਹ ਵੀ ਸੱਚ ਹੈ ਕਿ ਬ੍ਰੇਨਹੈਮਰੇਜ (ਦਿਮਾਗ਼ੀ ਨਾੜੀ ਦਾ ਫਟਣਾ) ਦੀ ਹਾਲਤ ਵਿਚ ਜਾਂ ਤਾਂ ਮਰੀਜ਼ ਮੌਤ ਦੇ ਮੂੰਹ ਵਿਚ ਚਲਾ ਜਾਂਦਾ ਹੈ ਜਾਂ ਕਰਮਾਂ ਨਾਲ ਬਚ ਜਾਂਦਾ ਹੈ। ਉਹ ਦੁਰਭਾਗ ਨਾਲ ਅਧਰੰਗ ਲਕਵੇ ਦਾ ਸ਼ਿਕਾਰ ਜੀਵਨ ਬਤੀਤ ਕਰਨ ’ਤੇ ਮਜ਼ਬੂਰ ਹੋ ਜਾਂਦਾ ਹੈ। ਦਿਮਾਗ਼ ਦੇ ਕਿਸੇ ਭਾਗ ਵਿਚ ਧਮਨੀ ਦਾ ਫਟਣਾ, ਧਮਣੀਆਂ ਵਿਚ ਖ਼ੂਨ ਦੇ ਥੱਕੇ, ਜ਼ਿਆਦਾ ਵਸਾ ਅਤੇ ਕਿਸੇ ਹੋਰ ਕਾਰਨਵੰਸ਼ ਖ਼ੂਨ ਦੇ ਪ੍ਰਵਾਹ ਦੇ ਰੁਕ ਜਾਣ ਕਾਰਨ ਦਿਮਾਗ਼ ਦੇ ਉਸ ਭਾਗ ਦੁਆਰਾ ਸੰਚਾਲਿਤ ਸਰੀਰਕ ਅੰਗ ਕੰਮ ਕਰਨ ਯੋਗ ਨਹੀਂ ਰਹਿੰਦੇ। ਉਪਰੋਕਤ ਕਿਸੇ ਵੀ ਕਾਰਨ ਕਰਕੇ ਦਿਮਾਗ਼ ਦੇ ਉਨ੍ਹਾਂ ਭਾਗਾਂ ’ਤੇ ਪ੍ਰਭਾਵ ਪੈਂਦਾ ਹੈ ਜੋ ਸਾਡੀਆਂ ਸਰੀਰਕ ਕ੍ਰਿਆਵਾਂ ਨੂੰ ਕੰਟਰੋਲ ਕਰਦੇ ਹਨ। ਸ਼ੂਗਰ ਅਤੇ ਬਲੱਡਪ੍ਰੈਸ਼ਰ ਦੇ ਰੋਗੀ ਜ਼ਿਆਦਾਤਰ ਇਸ ਦੀ ਚਪੇਟ ਵਿਚ ਆਉਂਦੇ ਹਨ।



**ਅਧਰੰਗ ਲਕਵੇ ਦੇ ਲੱਛਣ** - ਅਧਰੰਗ ਲਕਵਾ ਕਈ ਪ੍ਰਕਾਰ ਦਾ ਹੈ ਜਿਸ ਤਰ੍ਹਾਂ ਏਕਾਂਘਾਤ, ਅਧਰੰਗਘਾਤ, ਸਰਵਾਂਗਘਾਤ ਅਤੇ ਇਨ੍ਹਾਂ ਦੇ ਮੁੱਖ ਲੱਛਣ ਜਿਵੇਂ ਮੂੰਹ ਵਿੰਗਾ ਹੋਣਾ, ਅੱਖ ਬੰਦ ਨਾ ਹੋਣਾ, ਖਾਂਦੇ ਪੀਂਦੇ ਮੂੰਹ ਵਿਚੋਂ ਬਾਹਰ ਡਿੱਗਣਾ, ਬੋਲ ਨਾ ਸਕਣਾ, ਇਕ ਪਾਸੇ ਦੇ ਅੰਗ ਦਾ ਕੰਮ ਨਾ ਕਰਨਾ, ਬਾਂਹ ਉੱਪਰ ਨਾ ਚੁੱਕ ਸਕਣਾ, ਲੱਤਾਂ ਦੁਆਰਾ ਸਰੀਰ ਦਾ ਭਾਰ ਨਾ ਝੱਲਣਾ, ਮੱਲ ਮੂਤਰ ਪਤਾ ਨਾ ਲੱਗਣਾ ਅਤੇ ਚਲਦੇ ਸਮੇਂ ਲੜਖੜਾਉਣਾ ਆਦਿ।



**ਅਧਰੰਗ ਲਕਵੇ ਦੇ ਮੁੱਢਲੇ ਲੱਛਣ** - ਅਧਰੰਗ ਲਕਵੇ ਦੇ ਮੁੱਢਲੇ ਲੱਛਣ ਜਿਵੇਂ ਅੰਗਾਂ ਦਾ ਸੁੰਨ ਪੰਨ, ਸਰੀਰ ਦੇ ਕੀੜੀਆਂ ਰੇਂਗਨ ਦਾ ਅਹਿਸਾਸ, ਸਰੀਰ ਦੇ ਕਈ ਹਿੱਸੇ ਬਾਂਹ ਜਾਂ ਪੈਰ ਦੀ ਕਮਜ਼ੋਰੀ, ਜ਼ੁਬਾਨ ਬੰਦ ਹੋ ਜਾਣਾ, ਨਜ਼ਰ 'ਤੇ ਇਕ ਦਮ ਅਸਰ ਹੋਣਾ, ਚਾਲ ਵਿਚ ਲੜਖੜਾਹਟ, ਸਰੀਰਿਕ ਸੰਤੁਲਨ ਨਾ ਬਣਾ ਸਕਣਾ, ਅਕੜ, ਝਟਕੇ, ਕੰਬਣਾ, ਇਕ ਪਾਸੇ ਖਿੱਚ, ਭਾਰੀਪਨ ਦਾ ਅਹਿਸਾਸ ਹੁੰਦੇ ਹੀ ਇਨ੍ਹਾਂ ਲੱਛਣਾਂ ਨੂੰ ਅਣਦੇਖਾ ਨਾ ਕਰਕੇ ਸਮਾਂ ਰਹਿੰਦੇ ਸਾਡੇ ਇਲਾਜ ਨਾਲ, ਅਧਰੰਗ ਲਕਵੇ ਦੇ ਅਟੈਕ ਦੀ ਸੰਭਾਵਨਾ ਤੋਂ ਬਚਿਆ ਜਾ ਸਕਦਾ ਹੈ।

**ਸੰਕੇਤ ਅਤੇ ਚਕਿਤਸਾ ਸੰਬੰਧਿਤ** - ਅਧਰੰਗ ਲਕਵੇ ਦੇ ਰੋਗੀ ਅਟੈਕ ਹੁੰਦੇ ਹੀ ਘਬਰਾਹਟ ਦੇ ਨਾਲ ਆਧੁਨਿਕ ਹਸਪਤਾਲਾਂ ਵਿਚ ਦਾਖਲ ਹੋ ਜਾਂਦੇ ਹਨ ਪਰ ਜਦੋਂ ਮਰੀਜ਼ਾਂ ਨੂੰ ਸੰਤੁਸ਼ਟੀ ਦਾ ਇਕ ਇਲਾਜ ਨਹੀਂ ਮਿਲਦਾ ਤਾਂ ਬਾਅਦ ਵਿਚ ਰੋਗੀ ਇਲਾਜ ਕਰਵਾਉਣ ਲਈ ਇਧਰ ਉਧਰ ਭਟਕਣਾ ਸ਼ੁਰੂ ਕਰ ਦਿੰਦੇ ਹਨ ਪਰ ਉਦੋਂ ਤੱਕ ਨਾੜੀਆਂ ਅਤੇ ਕੋਸ਼ਿਕਾਵਾਂ ਦੇ ਨਿਰਜੀਵ ਹੋਣ ਕਾਰਨ ਰੋਗੀ ਨੂੰ ਜ਼ਿਆਦਾਤਰ ਨਿਰਾਸ਼ਾ ਹੀ ਮਿਲਦੀ ਹੈ ਜਿਸ ਕਾਰਨ ਰੋਗੀ ਦੀ ਮਾਨਸਿਕ ਸਥਿਤੀ ਵੀ ਪ੍ਰਭਾਵਤ ਹੁੰਦੀ ਹੈ। ਜੇਕਰ ਅਧਰੰਗ ਲਕਵੇ ਦੇ ਰੋਗੀਆਂ ਨੂੰ ਸ਼ੁਰੂ ਤੋਂ ਹੀ ਜਲਦੀ ਤੋਂ ਜਲਦੀ, ਬੁਰੇ ਪ੍ਰਭਾਵ ਤੋਂ ਬਗੈਰ ਸਹੀ ਆਯੁਰਵੈਦਿਕ ਦਵਾਈ ਮਿਲੇ ਤਾਂ ਥੋੜ੍ਹੇ ਸਮੇਂ ਵਿਚ ਹੀ ਰੋਗੀ ਠੀਕ ਹੋ ਕੇ ਆਤਮ ਨਿਰਭਰ ਹੋ ਸਕਦੇ ਹਨ। ਇਹ ਗੱਲ ਅਖਿਲ ਭਾਰਤੀ ਆਯੁਰਵਿਗਿਆਨ ਸੰਸਥਾਨ (ਏਮਸ) ਦੇ ਪ੍ਰਮੁੱਖ ਡਾਕਟਰਾਂ ਨੇ ਵੀ ਮੰਨੀ ਹੈ ਕਿ ਅਧਰੰਗ ਲਕਵੇ ਦੇ ਐਲੋਪੈਥੀ ਇਲਾਜ ਦੀ ਜਗ੍ਹਾ ਆਯੁਰਵੈਦਿਕ ਇਲਾਜ ਜ਼ਿਆਦਾ ਫਾਇਦੇਮੰਦ ਹੈ।

ਲਾਈਫ਼ਕੇਅਰ ਆਯੁਰਵੈਦਿਕ ਟ੍ਰੀਟਮੈਂਟ ਐਂਡ ਰਿਸਰਚ ਸੈਂਟਰ ਨੇ ਦੇਸ਼ ਵਿਦੇਸ਼ ਵਿਚ ਅਣਗਿਣਤ ਰੋਗੀਆਂ ਤੇ ਜਾਂਚੀ ਪਰਖੀ ਅਤੇ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਅਤੇ ਆਯੁਰਵੈਦਿਕ ਸ਼ਾਸ਼ਤਰਾਂ 'ਤੇ ਆਧਾਰਿਤ ਨਵੀਂ ਸੁਰੱਖਿਅਤ ਦਵਾਈ ਸੈਲਫ਼ ਆਨ ਨਿਓਰੋ ਕੈਪਸੂਲ ਵਿਕਸਿਤ ਕੀਤੀ ਹੈ ਜੋ ਖ਼ੂਨ ਦੇ ਥੱਕਿਆਂ ਨੂੰ ਦੂਰ ਕਰਕੇ ਦਿਮਾਗ਼ ਅਤੇ ਨਾੜੀ ਸੰਸਥਾਨ ਵਿਚ ਆਈ ਖਰਾਬੀ ਨੂੰ ਦੂਰ ਕਰਦੀ ਹੈ ਜਿਸ ਨਾਲ ਖ਼ੂਨ ਦਾ ਪ੍ਰਵਾਹ ਸੁਚਾਰੂ ਹੋ ਕੇ ਅਧਰੰਗ ਲਕਵੇ ਤੋਂ ਪ੍ਰਭਾਵਿਤ ਅੰਗਾਂ ਵਿਚ ਕਾਰਜਸ਼ੀਲਤਾ ਦਾ ਸੰਚਾਰ ਹੁੰਦਾ ਹੈ। ਇਸ ਇਲਾਜ ਨਾਲ ਵਸਾ (ਕੋਲੇਸਟ੍ਰੋਲ) ਦੀ ਅਧਿਕਤਾ ਵੀ ਘੱਟਦੀ ਹੈ। ਰੀੜ ਦੀ ਹੱਡੀ ਵਿਚ ਸੱਟ ਲੱਗਣ ਦੇ ਕਾਰਨ ਆਈ ਅਪੰਗਤਾ ਵਿਚ ਵੀ ਇਹ ਇਲਾਜ ਕਾਫੀ ਲਾਭਕਾਰੀ ਹੈ। ਅਧਰੰਗ ਲਕਵੇ ਦਾ ਅਟੈਕ ਹੁੰਦੇ ਹੀ ਨਵੇਂ ਰੋਗੀਆਂ ਵਿਚ ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਦੇ ਨਿਰਜੀਵ ਹੋਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ ਇਸ ਕਾਰਨ ਅਟੈਕ ਹੁੰਦੇ ਹੀ ਅਧਰੰਗ ਲਕਵੇ ਦੇ ਨਵੇਂ ਰੋਗੀ ਸਾਡੇ ਸੰਸਥਾਨ ਵਿਚ ਇਲਾਜ ਨਾਲ ਛੇਤੀ ਹੀ ਚੱਲਣ ਫਿਰਨ ਯੋਗ ਹੋ ਕੇ ਅਪੰਗ ਅਪਾਹਜ ਹੋਣ ਤੋਂ ਬਚ ਸਕਦੇ ਹਨ। ਅਧਰੰਗ ਲਕਵੇ ਦੇ ਪੁਰਾਣੇ ਰੋਗੀਆਂ ਦੀਆਂ ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਬੇਜਾਨ ਹੋ ਜਾਂਦੀਆਂ ਹਨ ਜਿਸ ਨਾਲ ਰੋਗ ਜ਼ਿਆਦਾ ਮੁਸ਼ਕਲ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਪੁਰਾਣੇ ਰੋਗੀ ਆਯੁਰਵੈਦਿਕ ਦਵਾਈ ਰਾਹੀਂ ਇਲਾਜ ਕਰਾਉਣ ਤਾਂ ਨਿਰਜੀਵ ਹੋਈਆਂ ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਜ਼ਿਆਦਾ ਤੋਂ ਜ਼ਿਆਦਾ ਸੰਜੀਵ ਹੋ ਜਾਂਦੀਆਂ ਹਨ ਜਿਸ ਨਾਲ ਅਧਰੰਗ ਲਕਵੇ ਦੇ ਪੁਰਾਣੇ ਰੋਗੀ ਜ਼ਿਆਦਾ ਸੁਧਾਰ ਨਾਲ ਜ਼ਿਆਦਾ ਤੋਂ ਜ਼ਿਆਦਾ ਆਤਮਨਿਰਭਰ ਹੋ ਸਕਦੇ ਹਨ ਅਤੇ ਇਸ ਨਾਲ ਦੁਬਾਰਾ ਅਟੈਕ ਹੋਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਅਧਰੰਗ ਲਕਵੇ ਦੇ ਰੋਗ ਦੀ ਨਵੀਂ ਵਿਕਸਿਤ ਦਵਾਈ ਦੁਆਰਾ ਸਫ਼ਲ ਇਲਾਜ ਸਾਡੇ ਕੇਂਦਰ ਦੀ ਵਿਸ਼ੇਸ਼ਤਾ ਹੈ ਅਤੇ ਇਸ ਇਲਾਜ ਨਾਲ ਸਰੀਰ ਉੱਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ। ਅਧਰੰਗ ਲਕਵੇ ਤੋਂ ਰੋਗ ਮੁਕਤ ਸਮਾਜ ਹੀ ਸਾਡੇ ਕੇਂਦਰ ਦਾ ਮੁੱਖ ਉਦੇਸ਼ ਹੈ।

# Know Thy True Path



"Truth is higher than everything, but higher still is truthful living."Thus, a man indeed is a man with truthful living. It is through truthful living that solace, contentment, compassion and understanding can be achieved. Ours is a society, where there is no dearth of people who always remain on the lookout for an opportunity to seek personal gain. But the trouble with self-seeking people is that it becomes an end in itself. The more a man surrounds himself with worldly possessions, the more insecure does he feel inside. The more one acquires, the greater is the urge for acquiring still more. It is a self-consuming passion with no possible end except destruction of inner poise and calm. That is why most thinkers agree that true happiness lies not in acquiring but in earning, not in holding and possessing but in giving and sharing.

**Prof.**
**(Dr.) Devinder Singh**
**Vill- Attalgarh**
**(Mukerian)**
**9915611155**



The mad race for wealth or power even amongst those who can safely be described as successful, the desire to be ahead of others, to command them, to exercise power, to command respect and honor- all these major sources of human frustration and unhappiness have a great deal to do with man's essential loneliness. We find man seeking solace by turning his back upon the world by snapping all relations, by absolving himself of all social responsibilities. One does not need to be a radical thinker to realize that no true happiness is possible amid an ocean of misery. The only and truly satisfying source of happiness is a purposeful overcoming of one's estrangement with the world around. This is possible through honest work and sharing the fruit of it with others. By work alone can man objectify his inner self into a meaningful relationship with the world without.

Man can overcome his loneliness and unhappiness only by reaching out to other human beings, by being useful to them. Happy is he who makes others happy. It is in this context that one has to view the greatness of those noble souls that achieved self-fulfillment through giving and sharing. With their compassion and generosity they bring cheer and hope to many souls engulfed in darkness and despair. In a society which is a fast passing into a phase of commercialization, not only of humanitarian activity but even of religion and faith, such unpretentious friends of humanity sustain one's hope in human nature. Therefore, despite man made suffering, ours is not a hopeless world to live in because there are still many good people around. It is their essential goodness that makes life worth living. It is only by emulating their deeds that one can know the true path.

# IMPROVEMENT IN EDUCATION WILL BRING IMPROVEMENT IN COUNTRY

**Abhishek**



'Education is our leaders' spoiled system,

They spend for other things, that is not for education,

All they spend for taxes, thats not needed for Education.

That's why it is our spoiled system."

Democracy is a curse to an illetrate country and more dangerous than poison. Democracy grows, survives and sustains on Education. Education is an ability to ask questions and basics to find answers.

"Next in importance to freedom and justice is "EDUCATION'. Without which neither freedom nor Justice can be maintained".

Literacy is an ability to know but education gives the ability what to know and what not?

Today, in educational institutes most of the teachers spread literacy not the education. That's why the students know not understand. Likewise they look not see, just because they know the cause but not effect.

Education - is the ability to choose,

Creates the sense of judgement

Creates a bridge between Past Present and future with which an individual's ability and expectations combine with family's expectations and ultimately to society's requirements.

If a person wants to be successful, he has to fulfill the society's require-ments. But first of all, Improvement in education is required.

In schools we are still running on with the same syllabus, that was existed by the educational policy in 1986.

1986 to 2010? Give me a break, Honey!

We all know that stagnant water becomes useless and stinky. So, we should come forward with tune and make demand of having reforms with educational policy. Otherwise, it will be difficult for us to shine on Globe.

The area of education is crying out for an immediate change in present examination system that gives the sleepless nights to many a students to induce mass copying, cheating, imitation in case of



several others.


The “Central Advisory Board of Education” has to take this area on top most priority. Our “Human Resource Development Minister Mr. Sibbal has made a tremendous change by making class X exams optional. He is also making the minimum percentage from 60%-80% for enterance in IIT.


Look Dear, Need of Improvement in education never ceases, looking at the current educational system there are still much rooms for improvement. The steps taken, just as mere words would be discussed here.

- Improvement in fundamental is strengthening higher level of education.
- Empowerment & education of both sex equally.
- Provides opportunity to acquire essential skills, knowledge and attitudes required to function in world.
- Half ownership should be under private sector and half owned by government.
- Avoid monotorous syllabus and reduce the books, introduce practicle knowledge.
- Avoid politicization of education.
- Reservation of seats should be equal for every category.
- Demolish the quota system for admission in university campus.

Education is important because it is a tool with which we can earn our living. Hence garner as much knowledge as possible.

The utmost importance is to transform






knowledge into education. Only then we can move towards the improvement.

A truely educated person is one who puts his knowledge to the best use of promoting the good of all fellow men for the welfare of the society.

- When this mind becomes a teacher, it will eliminate the commer-cialization and politicization of education and spread valuable Education. Might he would be our next “RADHA KRISHNAN”.
- When this mind becomes a voter, it will create best examples in democracy.
- When this mind becomes a policeperson, it will be next KIRAN BEDI, for Indian country.
- When this mind becomes a civilized Indian, then he will make India a less populated country.

Nevertheless to add here, In this age competitive awareness is most important. The new generation must come forward to save the education system. Only then we can stop commercialization and politicization of “EDUCATION”.

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-01-2015 ਤੋਂ 31-01-2014

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ. 390, ਸੈਕਟਰ-16, ਪੰਚਕੂਲਾ | 1000/- | ਐਚ-7037 | 03-01-2015 |
| 2. | ਸ. ਰੂਪ ਸਿੰਘ, ਮੋਹਾਲੀ | 1000/- | ਐਚ-7039 | 04-01-2015 |
| 3. | ਸ. ਸਰਜੀਤ ਸਿੰਘ ਐਡਵੋਕੇਟ<br>ਮਕਾਨ ਨੰ.-152, ਸੈਕਟਰ-19, ਹੁਡਾ, ਕੈਥਲ | 1100/- | ਐਚ-7040 | 04-01-2015 |
| 4. | ਸ੍ਰੀ ਜੈ ਪ੍ਰਕਾਸ, ਜਲੰਧਰ | 1100/- | ਐਚ-7043 | 09-01-2015 |
| 5. | ਗੁਪਤ ਦਾਨ | 500/- | ਐਚ-7044 | 14-01-2015 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7045 | 14-01-2015 |
| 7. | ਸ. ਹਰੀ ਸਿੰਘ | 200/- | ਐਚ-7046 | 14-01-2015 |
| 8. | ਸ. ਗੁਰਦੇਵ ਸਿੰਘ | 100/- | ਐਚ-7047 | 14-01-2015 |
| 9. | ਸ. ਜਰਨੈਲ ਸਿੰਘ | 100/- | ਐਚ-7048 | 14-01-2015 |
| 10. | ਬੀਬੀ ਰਾਜਿੰਦਰ ਕੌਰ | 100/- | ਐਚ-7049 | 14-01-2015 |
| 11. | ਸ. ਅਰਮਾਨ ਸਿੰਘ | 100/- | ਐਚ-7050 | 14-01-2015 |
| 12. | ਸ. ਗੁਰਦੇਵ ਸਿੰਘ | 100/- | ਐਚ-7051 | 14-01-2015 |
| 13. | ਬੀਬੀ ਮਨਜੀਤ ਕੌਰ | 100/- | ਐਚ-7052 | 14-01-2015 |
| 14. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 500/- | ਐਚ-7053 | 14-01-2015 |
| 15. | ਸ. ਪ੍ਰੀਤਮ ਸਿੰਘ, ਭੋਪਾਲ | 100/- | ਐਚ-7054 | 14-01-2015 |
| 16. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-7055 | 14-01-2015 |
| 17. | ਸ. ਅਮਰਜੀਤ ਸਿੰਘ | 500/- | ਐਚ-7056 | 14-01-2015 |
| 18. | ਸ. ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.), ਜ਼ੀਰਕਪੁਰ | 500/- | ਐਚ-7057 | 14-01-2015 |
| 19. | ਸ. ਦਲੀਪ ਸਿੰਘ | 500/- | ਐਚ-7058 | 14-01-2015 |
| 20. | ਬੀਬੀ ਪਿਆਰ ਕੌਰ | 100/- | ਐਚ-7059 | 14-01-2015 |
| 21. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 200/- | ਐਚ-7060 | 14-01-2015 |
| 22. | ਸ. ਦਰਬਾਰਾ ਸਿੰਘ | 100/- | ਐਚ-7061 | 14-01-2015 |
| 23. | ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-7062 | 14-01-2015 |
| 24. | ਸ. ਰਾਜਿੰਦਰਪਾਲ ਸਿੰਘ<br>ਮਕਾਨ ਨੰ.-3454, ਸੈਕਟਰ-24, ਚੰਡੀਗੜ੍ਹ | 200/- | ਐਚ-7063 | 14-01-2015 |
| 25. | ਬੀਬੀ ਗੁਰਨਾਮ ਕੌਰ<br>ਪਿੰਡ ਤੇ ਡਾ.-ਧੀਨ, ਜ਼ਿਲ੍ਹਾ-ਅੰਬਾਲਾ | 500/- | ਐਚ-7064 | 14-01-2015 |
| 26. | ਸ੍ਰੀ ਮਾਧਵ<br>94/2, ਬੈਂਕ ਕਲੋਨੀ, ਮਨੀਮਾਜਰਾ | 110/- | ਐਚ-7065 | 15-01-2015 |



# MATRIMONIAL



Suitable match for settled/ professional Doctor MD (G) Lobana Sikh Girl, born on 13-05-1988, Height 5'5", Colour Fair. Parenst permanently settled in USA, wanted professionally well settled Lobana Boy in USA. Contact: - 09315100900, 09991298775.

* * *

Suitable match for Born on January, 1991, B.Sc Nurse working in PGI, Chandigarh . Height 5'3" Lobana Sikh Girl. Father and Brother settled in US package 5 Lac p.a. Contact: - 94638-37259, 99151-39715.

* * *

Suitable match for August, 1992 born, Computer Science Engnineer, working in Emerson Mohali. Package 4 Lac p.a., Height 5'5" Lobana Sikh Girl. Father working as Government Employee in Chandigarh, Brother settled in Canada. Please Contact with Bio-Data & Photograph, E-mail-lavekaur.92@gmail.com, Contact-94638-37259

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਚੱਲ ਰਹੇ ਹੈਲਥ ਕੇਅਰ ਸੈਂਟਰ ਦੇ ਵੱਖ-ਵੱਖ ਵਿੰਗਾਂ ਦਾ ਦ੍ਰਿਸ਼

Regd No. 32212/78

Postal No.-- CHD/0111/2012-14

# Executive Committee Meeting 17-1-2015



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ 1 ਲੱਖ ਰੁਪਏ ਦਾ ਚੈਕ ਬਾਬਾ ਮੱਖਣ ਸ਼ਾਹ
ਲੁਬਾਣਾ ਵੈਲਫੇਅਰ ਸੁਸਾਇਟੀ (ਰਜਿ.) ਜਲੰਧਰ ਦੇ ਅਹੁਦੇਦਾਰਾਂ ਨੂੰ ਦਿੱਤਾ ਗਿਆ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ 1 ਲੱਖ ਰੁਪਏ ਦਾ ਚੈਕ
ਲੁਬਾਣਾ ਵੈਲਫੇਅਰ ਟਰੱਸਟ (ਰਜਿ.) ਕਪੂਰਥਲਾ ਦੇ ਅਹੁਦੇਦਾਰਾਂ ਨੂੰ ਦਿੱਤਾ ਗਿਆ